Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 254 25/12/2024 www.samajweekly.com samajweekly @samajweekly samajweekly



## ਕ੍ਰਿਸਮਸ ਦੀ ਸਮੂਹ ਜਗਤ ਨੂੰ ਅਦਾਰਾ 'ਸਮਾਜ ਵੀਕਲੀ' ਵਲੋਂ ਲੱਖ-ਲੱਖ ਵਧਾਈ

# SKM ਦੀ ਹੋਈ ਅਹਿਮ ਬੈਠਕ, ਜਨਵਰੀ 'ਚ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਦਾ ਮੰਗਣਗੇ ਸਮਾਂ

**ਚੰਡੀਗੜ੍ਹ।** ਅੱਜ ਸੰਯੁਕਤ ਕਿਸਾਨ ਮੋਰਚਾ ਪੰਜਾਬ ਵਿੱਚ ਸ਼ਾਮਲ ਜਥੇਬੰਦੀਆਂ ਦੀ ਮੀਟਿੰਗ ਚੰਡੀਗੜ੍ਹ ਦੇ ਕਿਸਾਨ ਭਵਨ ਵਿਖੇ ਨਿਰਭੈ ਸਿੰਘ ਢੁੱਡੀਕੇ,ਪ੍ਰੇਮ ਸਿੰਘ ਭੰਗੂ ਅਤੇ ਹਰਜਿੰਦਰ ਸਿੰਘ ਟਾਂਡਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਕਿਸਾਨ ਆਗੂ ਪ੍ਰੇਮ ਸਿੰਘ ਭੰਗੂ ਨੇ ਕਿਹਾ ਕਿ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ 29ਵੇਂ ਦਿਨ 'ਚ ਦਾਖ਼ਲ ਹੋ ਚੁੱਕਾ ਹੈ। ਉਨ੍ਹਾਂ ਦੀ ਤੇਜ਼ੀ ਨਾਲ ਵਿਗੜ ਰਹੀ ਹਾਲਤ ਕਾਰਨ ਉਨ੍ਹਾਂ ਦੀ ਜਾਨ ਨੂੰ ਖਤਰਾ ਬਣਿਆ ਹੋਇਆ ਹੈ। ਉਸ ਬਾਰੇ ਸ਼ਖੰ ਆਗੂ ਵੱਲੋਂ ਚਿੰਤਾ ਪ੍ਰਗਟਾਈ ਜਾ ਰਹੀ ਹੈ ਅਤੇ ਗੰਭੀਰਤਾ ਨਾਲ ਵਿਚਾਰਿਆ ਜਾ ਰਿਹਾ ਹੈ। ਕਾਨਫਰੰਸ ਦੌਰਾਨ ਕਿਸਾਨ ਆਗੂ ਪ੍ਰੇਮ ਭੰਗੂ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਕਿਸਾਨਾਂ ਲਈ ਬਹੁਤ ਹੀ ਅੜੀਅਲ ਵਤੀਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ 29 ਦਿਨਾਂ ਤੋਂ ਇਸ ਮੋਰਚੇ 'ਤੇ ਮੰਗਾਂ ਬਾਰੇ ਵੱਡੇ ਆਗੂ ਜੋ ਦਿੱਲੀ ਦੇ ਅੰਦੋਲਨ ਵਿਚ ਵੀ ਰਹੇ ਅਤੇ ਜਿਹੜੇ ਆਗੂ ਚੁਪ ਕਰਕੇ ਬੈਠੇ ਹਨ ਉਨ੍ਹਾਂ ਦੀ ਬਹੁਤ ਨਿੰਦਾ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਦਖ਼ਲ ਦੇ ਮੰਗਾਂ ਪ੍ਰਵਾਨ ਕਰਨੀਆਂ ਚਾਹੀਦੀਆਂ ਸੀ ਅਤੇ ਡੱਲੇਵਾਲ ਦੀ ਜਾਨ ਬਚਾਉਣ ਵਾਸਤੇ ਕੋਈ ਪਹਿਲਕਦਮੀ ਕਰਨੀ ਚਾਹੀਦੀ ਹੈ। ਪਰ ਬਹੁਤ ਮੰਦਭਾਗੀ ਗੱਲ ਹੈ



ਕਿ ਸਰਕਾਰਾਂ ਚੁੱਪ ਕਰ ਕੇ ਬੈਠੀਆਂ ਹਨ। ਉਨ੍ਹਾਂ ਕਿਹਾ ਕਿ ਤੁਹਾਨੂੰ ਯਾਦ ਹੋਣਾ ਜਦੋਂ ਇਹ ਮੋਰਚਾ ਸ਼ੁਰੂ ਹੋਇਆ ਸੀ ਤਾਂ ਪੰਜਾਬ ਸਰਕਾਰ ਨੇ ਕੁਝ ਦਿਨਾਂ ਬਾਅਦ ਕੇਂਦਰ ਦੇ ਤਿੰਨ ਬੰਦਿਆਂ ਦੀ ਟੀਮ ਲੈ ਕੇ ਤਿੰਨ ਮੀਟਿੰਗਾਂ ਕਰਵਾਈਆਂ ਸੀ। ਪਰ ਅੱਜ ਮੋਰਚਾ ਨੂੰ ਚੱਲਦੇ ਨੂੰ 10 ਮਹੀਨੇ ਹੋ ਗਏ ਹਨ ਅਤੇ ਡੱਲੇਵਾਲ ਜੀ ਨੂੰ ਮਰਨ ਵਰਤ 'ਤੇ ਬੈਠਿਆਂ ਨੂੰ 29 ਦਿਨ ਹੋ ਚੁੱਕੇ ਹਨ। ਪਰ ਅੱਜ ਪੰਜਾਬ ਦਾ ਮੁੱਖ ਮੰਤਰੀ ਲੱਭਦਾ ਹੀ ਨਹੀਂ। ਕੱਲ ਪ੍ਰਧਾਨ ਮੰਤਰੀ ਮੋਦੀ ਨੇ 'ਕਿਸਾਨ ਦਿਵਸ' 'ਤੇ ਬਹੁਤ ਗੱਲਾਂ ਕੀਤੀਆਂ ਪਰ ਇਸ ਮੋਰਚੇ ਦਾ ਇੱਕ ਜ਼ਿਕਰ ਤੱਕ ਨਹੀਂ ਕੀਤਾ ਜੋ ਬਹੁਤ ਨਿੰਦਣਯੋਗ ਹੈ।

# ਪੰਜਾਬ 'ਚ ਰਾਸ਼ਟਰੀ ਬਾਲ ਸ਼ਹੀਦੀ ਦਿਵਸ 'ਤੇ ਸਰਕਾਰੀ ਛੁੱਟੀ ਦਾ ਐਲਾਨ, ਸਾਰੇ ਅਦਾਰੇ ਰਹਿਣਗੇ ਬੰਦ

**ਚੰਡੀਗੜ੍ਹ।** ਪੰਜਾਬ ਵਿੱਚ 27 ਦਸੰਬਰ ਨੂੰ ਸਰਕਾਰੀ ਛੁੱਟੀ ਹੋਵੇਗੀ। ਇਹ ਐਲਾਨ ਪੰਜਾਬ ਯੂਨੀਵਰਸਿਟੀ (ਪੀ.ਯੂ.) ਨੇ ਕੀਤਾ ਹੈ। ਪੰਜਾਬ ਯੂਨੀਵਰਸਿਟੀ ਨੇ ਕਿਹਾ ਹੈ ਕਿ ਖੇਤਰੀ ਕੇਂਦਰਾਂ ਅਤੇ ਪੇਂਡੂ ਕੇਂਦਰਾਂ ਸਮੇਤ ਪੰਜਾਬ 'ਚ ਸਥਿਤ ਪੰਜਾਬ ਯੂਨੀਵਰਸਿਟੀ ਦੇ ਸਾਰੇ ਅਦਾਰੇ, ਕਾਲਜ ਅਤੇ ਮਾਨਤਾ ਪ੍ਰਾਪਤ ਕਾਲਜ ਬੰਦ ਰਹਿਣਗੇ। ਇਸ ਤੋਂ ਇਲਾਵਾ ਸਾਰੇ ਅਦਾਰਿਆਂ ਦੇ ਦਫ਼ਤਰਾਂ 'ਚ ਛੁੱਟੀ ਰਹੇਗੀ। ਇਹ ਫੈਸਲਾ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਦੇ ਮੱਦੇਨਜ਼ਰ ਲਿਆ ਗਿਆ ਹੈ। 27 ਦਸੰਬਰ ਨੂੰ ਰਾਸ਼ਟਰੀ ਬਾਲ ਸ਼ਹੀਦੀ ਦਿਵਸ ਐਲਾਨਿਆ ਗਿਆ। 1705 ਵਿੱਚ, ਮੁਗਲਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ 7 ਸਾਲ ਦੇ ਬਾਬਾ ਫਤਿਹ ਸਿੰਘ ਨੂੰ ਮਾਤਾ ਗੁਜਰੀ ਦੇ ਨਾਲ ਪਿੰਡ ਸਹੇੜੀ ਤੋਂ ਫਤਿਹਗੜ੍ਹ ਸਾਹਿਬ ਲੈ ਗਏ ਅਤੇ ਉੱਥੇ ਉਹਨਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ, ਪਰ




ਸਾਹਿਬਜ਼ਾਦੇ ਨੇ ਇਨਕਾਰ ਕਰ ਦਿੱਤਾ। ਮੁਗਲਾਂ ਨੇ ਦੋਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਨੂੰ ਤਿੰਨ ਦਿਨ ਅਤੇ ਦੋ ਰਾਤਾਂ ਤਸੀਹੇ ਦੇਣ ਲਈ ਠੰਡੇ ਬੁਰਜ ਵਿਚ ਰੱਖਿਆ। ਇਸ ਲਾਸਾਨੀ ਸ਼ਹਾਦਤ ਵਿਚ ਮਾਤਾ ਗੁਜਰ ਕੌਰ ਜੀ ਠੰਡੇ ਬੁਰਜ ਵਿਚ ਸ਼ਹੀਦੀ ਪਾ ਗਏ ਅਤੇ ਸਾਹਿਬਜ਼ਾਦਿਆਂ ਨੂੰ ਦੀਵਾਰਾਂ 'ਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

# ਸਬਜ਼ੀ ਮੰਡੀ ਪਹੁੰਚੇ ਰਾਹੁਲ ਗਾਂਧੀ: ਵੀਡੀਓ ਸ਼ੇਅਰ ਕਰਦੇ ਹੋਏ ਕਿਹਾ, ਮਹਿੰਗਾਈ ਨੇ ਵਿਗਾੜਿਆ ਲੋਕਾਂ ਦੀ ਰਸੋਈ ਦਾ ਬਜਟ

**ਕਿਹਾ, ਲੱਸਣ 400 ਰੁਪਏ ਤੇ ਮਟਰ 120 ਰੁਪਏ ਕਿਲੋ, ਕੀ ਖਾਣਗੇ ਤੇ ਕੀ ਬਚਾਉਣਗੇ ਲੋਕ ?**

**ਨਵੀਂ ਦਿਲ਼ੀ।** ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਸਬਜ਼ੀਆਂ ਦੀਆਂ ਕੀਮਤਾਂ 'ਚ ਵਾਧੇ ਨੂੰ ਲੈ ਕੇ ਸਰਕਾਰ 'ਤੇ ਨਿਸ਼ਾਨਾ ਸਾਧਿਆ ਅਤੇ ਦੋਸ਼ ਲਾਇਆ ਕਿ ਆਮ ਲੋਕਾਂ ਦੀ ਰਸੋਈ ਦਾ ਬਜਟ ਵਿਗੜ ਗਿਆ ਹੈ ਪਰ ਸਰਕਾਰ ਕੁੰਭਕਰਨ ਵਾਂਗ ਸੁੱਤੀ ਪਈ ਹੈ। ਰਾਹੁਲ ਗਾਂਧੀ ਨੇ ਦਿੱਲੀ ਦੇ ਕਾਲਕਾਜੀ ਇਲਾਕੇ ਦੀ ਸਬਜ਼ੀ ਮੰਡੀ ਦਾ ਦੌਰਾ ਕੀਤਾ ਸੀ। ਉਨ੍ਹਾਂ ਨੇ ਮੰਗਲਵਾਰ ਨੂੰ ਅਪਣੇ ਵੱਖ-ਵੱਖ ਸੋਸ਼ਲ ਮੀਡੀਆ ਹੈਂਡਲਸ 'ਤੇ ਇਸ ਦਾ ਵੀਡੀਓ ਜਾਰੀ ਕੀਤਾ। ਸਾਬਕਾ ਕਾਂਗਰਸ ਪ੍ਰਧਾਨ ਨੇ ਇਸ ਵੀਡੀਓ ਨੂੰ ਅਪਣੇ ਯੂਟਿਊਬ ਚੈਨਲ 'ਤੇ ਪੋਸਟ ਕਰਦੇ ਹੋਏ ਲਿਖਿਆ, "ਕੁਝ ਦਿਨ ਪਹਿਲਾਂ ਮੈਂ ਸਥਾਨਕ ਸਬਜ਼ੀ ਮੰਡੀ 'ਚ ਪਹੁੰਚ ਕੇ ਗਾਹਕਾਂ ਨਾਲ ਖ਼੍ਰੀਦਦਾਰੀ ਕਰਦੇ ਹੋਏ ਵਿਕਰੇਤਾਵਾਂ ਨਾਲ ਗੱਲਬਾਤ ਕੀਤੀ। ਇਹ ਜਾਣਿਆ ਕਿ ਕਿਵੇਂ ਆਮ ਲੋਕਾਂ ਦਾ ਬਜਟ ਵਿਗੜ ਰਿਹਾ ਹੈ । ਮਹਿੰਗਾਈ ਨੇ ਕਿਵੇਂ ਸਾਰਿਆਂ ਨੂੰ ਪਰੇਸ਼ਾਨ ਕਰ ਦਿਤਾ ਹੈ. ਲੋਕ ਵਧਦੀਆਂ ਕੀਮਤਾਂ ਨਾਲ ਜੂਝ ਰਹੇ ਹਨ ਅਤੇ ਆਮ ਲੋੜਾਂ ਦੀਆਂ ਛੋਟੀਆਂ ਚੀਜ਼ਾਂ ਨਾਲ ਸਮਝੌਤਾ ਕਰਨ ਲਈ ਮਜਬੂਰ ਹਨ।



ਉਨ੍ਹਾਂ ਕਿਹਾ, "ਅਸੀਂ ਲਸਣ, ਮਟਰ, ਮਸ਼ਰੂਮ ਅਤੇ ਹੋਰ ਸਬਜ਼ੀਆਂ ਦੇ ਭਾਅ 'ਤੇ ਚਰਚਾ ਕੀਤੀ ਅਤੇ ਲੋਕਾਂ ਦੇ ਅਸਲ ਅਨੁਭਵ ਸੁਣੇ। ਕਿਸ ਤਰ੍ਹਾਂ 400 ਰੁਪਏ ਕਿਲੋ ਲੱਸਣ ਅਤੇ 120 ਰੁਪਏ ਪ੍ਰਤੀ ਕਿਲੋ ਮਟਰ ਨੇ ਸਾਰਿਆਂ ਦਾ ਬਜਟ ਹਿਲਾ ਕੇ ਰੱਖ ਦਿਤਾ ਹੈ। ਲੋਕ ਕੀ ਖਾਣਗੇ ਅਤੇ ਕੀ ਬਚਾਉਣਗੇ । "
ਉਨ੍ਹਾਂ ਮੁਤਾਬਕ ਚਾਹ 'ਤੇ ਗੱਲ ਕਰਦਿਆਂ ਉਨ੍ਹਾਂ ਨੇ ਗ੍ਰਹਿਣੀਆਂ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਬਾਰੇ ਨੇੜਿਓਂ ਜਾਣਿਆ, ਕਿਵੇਂ ਆਮਦਨ ਵਿਚ ਖੜੋਤ ਆਈ ਹੈ ਅਤੇ ਮਹਿੰਗਾਈ ਲਗਾਤਾਰ ਵਧ ਰਹੀ ਹੈ, ਕਿਵੇਂ ਬੱਚਤ ਕਰਨਾ ਅਸੰਭਵ ਹੋ ਗਿਆ ਹੈ ਅਤੇ ਖਾਣ-ਪੀਣ ਦੇ ਖ਼ਰਚੇ ਪੂਰੇ ਕਰਨ ਲਈ ਕਿਵੇਂ 10 ਰੁਪਏ ਰਿਕਸ਼ਾ ਦਾ ਕਿਰਾਇਆ ਵੀ ਇਕੱਠਾ ਕਰਨਾ ਔਖਾ ਹੋ ਗਿਆ ਹੈ।
ਰਾਹੁਲ ਨੇ ਕਿਹਾ, "ਤੁਸੀਂ ਵੀ ਮਹਿੰਗਾਈ ਦਾ ਅਸਰ ਮਹਿਸੂਸ ਕਰ ਰਹੇ ਹੋ। ਸਾਨੂੰ ਦੱਸੋ, ਤੁਸੀਂ ਇਸ ਸਮੱਸਿਆ ਨਾਲ ਕਿਵੇਂ ਜੂਝ ਰਹੇ ਹੋ- ਤੁਸੀਂ ਪਹਿਲਾਂ ਹੀ ਬਾਜ਼ਾਰ ਦੀ ਹਾਲਤ ਜਾਣਦੇ ਹੋ। ਤੁਸੀਂ ਅਪਣੇ ਨਿਜੀ ਅਨੁਭਵ ਵੀ ਸਾਡੇ ਨਾਲ ਸਾਂਝੇ ਕਰੋ।" ਰਾਹੁਲ ਗਾਂਧੀ ਨੇ ਇਸ ਵੀਡੀਓ ਨੂੰ 'ਐਕਸ' 'ਤੇ ਪੋਸਟ ਕੀਤਾ ਅਤੇ ਦੋਸ਼ ਲਗਾਇਆ, "ਵਧਦੀ ਮਹਿੰਗਾਈ ਨੇ ਆਮ ਆਦਮੀ ਦਾ ਰਸੋਈ ਦਾ ਬਜਟ ਵਿਗਾੜ ਦਿਤਾ ਹੈ - ਸਰਕਾਰ ਕੁੰਭਕਰਨ ਵਾਂਗ ਸੌਂ ਰਹੀ ਹੈ।"

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਹਿਮਾਚਲ-ਉਤਰਾਖੰਡ 'ਚ ਬਰਫ਼ਬਾਰੀ: ਸ਼ਿਮਲਾ 'ਚ ਸੜਕਾਂ 'ਤੇ 3 ਇੰਚ ਬਰਫ਼ ਜੰਮੀ, ਅਟਲ ਸੁਰੰਗ 'ਚ ਫਸੇ 1000 ਤੋਂ ਵੱਧ ਵਾਹਨ

**ਹਿਮਾਚਲ।** ਦੇਸ਼ ਦੇ ਤਿੰਨ ਰਾਜਾਂ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿਚ ਬਰਫ਼ਬਾਰੀ ਜਾਰੀ ਹੈ। ਬਰਫ਼ਬਾਰੀ ਕਾਰਨ ਹਿਮਾਚਲ 'ਚ ਦੋ ਰਾਸ਼ਟਰੀ ਰਾਜਮਾਰਗਾਂ ਸਮੇਤ 30 ਸੜਕਾਂ ਬੰਦ ਹੋ ਗਈਆਂ ਹਨ। ਸ਼ਿਮਲਾ 'ਚ ਸੀਜ਼ਨ ਦੀ ਦੂਜੀ ਬਰਫ਼ਬਾਰੀ ਹੋਈ, ਜਿਸ ਨਾਲ ਸੜਕਾਂ 'ਤੇ 3 ਇੰਚ ਬਰਫ਼ ਜੰਮ ਗਈ। ਇਸ ਕਾਰਨ ਸੋਲੰਗਨਾਲਾ ਤੋਂ ਅਟਲ ਸੁਰੰਗ ਰੋਹਤਾਂਗ ਨੂੰ ਪਰਤ ਰਹੇ ਸੈਲਾਨੀਆਂ ਦੇ ਵਾਹਨ ਸੜਕ 'ਤੇ ਤਿਲਕਣ ਲੱਗੇ। ਦੇਰ ਰਾਤ ਤਕ ਦਖਣੀ ਪੋਰਟਲ ਤੋਂ ਅਟਲ ਸੁਰੰਗ ਦੇ ਉੱਤਰੀ ਪੋਰਟਲ ਤਕ 1000 ਤੋਂ ਵਧ ਵਾਹਨ ਬਰਫ਼ ਵਿਚ ਫਸ ਗਏ। ਪੁਲਿਸ ਨੇ ਵਾਹਨਾਂ ਨੂੰ ਹਟਾਉਣ ਲਈ ਬਚਾਅ ਮੁਹਿੰਮ ਚਲਾਈ। ਉੱਤਰਾਖੰਡ 'ਚ ਵੀ ਗੜ੍ਹਵਾਲ ਹਿਮਾਲਿਆ 'ਚ ਬਦਰੀਨਾਥ, ਕੇਦਾਰਨਾਥ,



ਗੰਗੋਤਰੀ, ਯਮੁਨੋਤਰੀ ਅਤੇ ਹੇਮਕੁੰਟ ਸਾਹਿਬ ਤੇ ਕੁਮਾਊਂ ਦੇ ਮੁਨਸਿਆਰੀ 'ਚ ਤਾਜ਼ਾ ਬਰਫ਼ਬਾਰੀ ਹੋਈ ਹੈ, ਜਿਸ ਕਾਰਨ ਪੂਰੇ ਸੂਬੇ 'ਚ ਠੰਢ ਵਧ ਗਈ ਹੈ।
ਰਾਜਸਥਾਨ, ਮੱਧ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਵਿਚ ਵੀ ਮੀਂਹ ਪਿਆ। ਰਾਜਸਥਾਨ ਦੇ ਗੰਗਾਨਗਰ, ਅਨੂਪਗੜ੍ਹ, ਚੁਰੂ ਅਤੇ ਬੀਕਾਨੇਰ ਵਿਚ 10 ਮਿਲੀਮੀਟਰ ਤਕ ਮੀਂਹ ਪਿਆ। ਰਾਜਸਥਾਨ 'ਚ ਅਗਲੇ 3 ਦਿਨ ਅਤੇ ਮੱਧ ਪ੍ਰਦੇਸ਼ 'ਚ ਅਗਲੇ 4 ਦਿਨਾਂ ਤਕ ਗੜੇਮਾਰੀ ਅਤੇ ਮੀਂਹ ਦਾ ਅਲਰਟ ਹੈ। ਇਸ ਕਾਰਨ ਰਾਜਸਥਾਨ ਸਰਕਾਰ ਨੇ 25 ਦਸੰਬਰ ਤੋਂ 5 ਜਨਵਰੀ ਤਕ ਸਕੂਲਾਂ ਵਿਚ ਛੁੱਟੀ ਦਾ ਐਲਾਨ ਕੀਤਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਐਕਟਰ ਅੱਲੂ ਅਰਜੁਨ ਤੋਂ ਪੁਲਿਸ ਨੇ ਕਰੀਬ ਤਿੰਨ ਘੰਟੇ ਕੀਤੀ ਪੁੱਛਗਿੱਛ



**ਹੈਦਰਾਬਾਦ।** ਪੁਸ਼ਪਾ-2 ਦੇ ਪ੍ਰੀਮੀਅਰ ਦੌਰਾਨ ਭਗਦੜ ਮਾਮਲੇ 'ਚ ਪੁਲਸ ਨੇ ਮੰਗਲਵਾਰ ਨੂੰ ਅੱਲੂ ਅਰਜੁਨ ਤੋਂ 3 ਘੰਟੇ ਤੋਂ ਜ਼ਿਆਦਾ ਪੁੱਛਗਿੱਛ ਕੀਤੀ। ਹੈਦਰਾਬਾਦ ਸੈਂਟਰਲ ਜ਼ੋਨ ਦੇ ਡੀਸੀਪੀ ਦੀ ਅਗਵਾਈ ਵਾਲੀ ਟੀਮ ਨੇ ਅਦਾਕਾਰ ਤੋਂ ਪੁੱਛਗਿੱਛ ਕੀਤੀ। ਸੰਧਿਆ ਥਿਏਟਰ ਭਗਦੜ ਮਾਮਲੇ ਵਿਚ ਤੇਲਗੂ ਅਦਾਕਾਰ ਅੱਲੂ ਅਰਜੁਨ ਤੋਂ ਮੰਗਲਵਾਰ ਨੂੰ ਚਿੱਕੜਪੱਲੀ ਥਾਣਾ ਪੁਲਿਸ ਨੇ ਤਿੰਨ ਘੰਟੇ ਤੋਂ ਵੱਧ ਸਮੇਂ ਤੱਕ ਪੁੱਛਗਿੱਛ ਕੀਤੀ। ਇਸ ਦੌਰਾਨ ਸੈਂਟਰਲ ਜ਼ੋਨ ਦੇ ਡੀਸੀਪੀ ਅਕਸ਼ਾਂਸ਼ ਯਾਦਵ ਦੀ ਅਗਵਾਈ ਵਾਲੀ ਪੁਲਿਸ ਟੀਮ ਨੇ ਅਦਾਕਾਰ ਤੋਂ ਪੁੱਛਗਿੱਛ ਕੀਤੀ। ਚਿੱਕੜਪੱਲੀ ਪੁਲੀਸ ਸਟੇਸ਼ਨ 'ਚ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਸਨ ਅਤੇ ਭਾਰੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਸੀ। ਇਸ ਤੋਂ ਇਲਾਵਾ ਥਾਣੇ ਨੂੰ ਜਾਣ ਵਾਲੀਆਂ ਸੜਕਾਂ 'ਤੇ ਆਵਾਜਾਈ 'ਤੇ ਵੀ ਪਾਬੰਦੀ ਲਗਾ ਦਿੱਤੀ ਸੀ। ਅਦਾਕਾਰ ਨੂੰ 23 ਦਸੰਬਰ ਨੂੰ ਸਵੇਰੇ 11 ਵਜੇ ਪੁਲਿਸ ਸਾਹਮਣੇ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਸਵੇਰੇ ਕਰੀਬ 11 ਵਜੇ ਅੱਲੂ ਅਰਜੁਨ ਆਪਣੇ ਪਿਤਾ ਅਤੇ ਵਕੀਲਾਂ ਦੇ ਨਾਲ ਪੇਸ਼ ਹੋਣ ਲਈ ਆਏ ਅਤੇ ਪੁੱਛਗਿੱਛ ਦੁਪਹਿਰ 2:45 ਵਜੇ ਤੱਕ ਚੱਲੀ।ਪੁਲਿਸ ਨੇ ਅੱਲੂ ਅਰਜੁਨ ਦੀ ਪੇਸ਼ੀ ਲਈ ਆਪਣੇ ਨੋਟਿਸ ਵਿੱਚ ਕਿਹਾ ਕਿ ਭਗਦੜ ਵਾਲੀ ਘਟਨਾ ਬਾਰੇ ਜਵਾਬ ਲੈਣ ਲਈ ਅਤੇ ਤੱਥਾਂ ਦਾ ਪਤਾ ਲਗਾਉਣ ਲਈ ਜੇ ਜ਼ਰੂਰੀ ਹੋਏ ਤਾਂ ਘਟਨਾ ਵਾਲੀ ਥਾਂ ਦਾ ਦੌਰਾ ਕਰਨ ਲਈ ਚਿੱਕੜਪੱਲੀ ਥਾਣੇ ਦੇ ਐੱਸਐੱਚਓ ਸਾਹਮਣੇ ਉਨ੍ਹਾਂਦੀ ਮੌਜੂਦਗੀ ਜ਼ਰੂਰੀ ਹੈ।

# ਮੋਦੀ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੇ ਹਨ : ਮੁੱਖ ਮੰਤਰੀ



**ਚੰਡੀਗੜ੍ਹ।** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਅਪਣਾਉਣ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਹੱਕੀ ਮੰਗਾਂ ਰੱਖਣ ਲਈ ਮੌਕਾ ਨਾ ਦੇਣ ਦੀ ਸਖ਼ਤ ਆਲੋਚਨਾ ਕੀਤੀ। ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਆਪੂੰ ਬਣੇ 'ਗਲੋਬਲ ਲੀਡਰ' ਨਰਿੰਦਰ ਮੋਦੀ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਵਿੱਚ ਦਖ਼ਲਅੰਦਾਜ਼ੀ ਦੇਣ ਲਈ ਜ਼ਿਆਦਾ ਤਤਪਰ ਹਨ ਪਰ ਦੇਸ਼ ਦੇ ਅੰਨਦਾਤਿਆਂ ਪ੍ਰਤੀ ਪ੍ਰਧਾਨ ਮੰਤਰੀ ਦਾ ਰਵੱਈਆ ਬੇਗਾਨਗੀ ਵਾਲਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇਸ਼ ਦੇ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਬੁਰੀ ਤਰ੍ਹਾਂ ਨਜ਼ਰਅੰਦਾਜ਼ ਕਰ ਰਹੀ ਹੈ ਜੋ ਕਿ ਅਤਿ ਨਿੰਦਣਯੋਗ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਪ੍ਰਧਾਨ ਮੰਤਰੀ ਦੇਸ਼ ਵਾਸੀਆਂ ਨੂੰ ਦਰਪੇਸ਼ ਮਸਲੇ ਹੱਲ ਕਰਨ ਦੀ ਬਜਾਏ ਕੌਮਾਂਤਰੀ ਮਾਮਲਿਆਂ ਵਿੱਚ ਦਖ਼ਲ ਦੇ ਕੇ 'ਗਲੋਬਲ ਲੀਡਰ' ਵਜੋਂ ਉਭਰਨ ਲਈ ਜ਼ਿਆਦਾ ਚਿੰਤਤ ਹਨ।

ਮੁੱਖ ਮੰਤਰੀ ਨੇ ਨਰਿੰਦਰ ਮੋਦੀ ਨੂੰ ਚੇਤੇ ਕਰਵਾਇਆ ਕਿ ਜਦੋਂ ਦੇਸ਼ ਅਨਾਜ ਉਤਪਾਦਨ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਸੀ ਤਾਂ ਸੂਬੇ ਦੇ ਮਿਹਨਤੀ ਕਿਸਾਨਾਂ ਨੇ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਬਣਾਇਆ। ਉਨ੍ਹਾਂ ਕਿਹਾ ਕਿ ਸੂਬੇ ਦੇ ਕਿਸਾਨਾਂ ਨੇ ਕੌਮੀ ਅੰਨ ਭੰਡਾਰ ਭਰਨ ਲਈ ਬੇਸ਼ਕੀਮਤੀ ਕੁਦਰਤੀ ਵਸੀਲੇ ਜਰਖੇਜ਼ ਮਿੱਟੀ ਅਤੇ ਪਾਣੀ ਨੂੰ ਦਾਅ ਉਤੇ ਲਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸਾਨਾਂ ਦੇ ਵੱਡੇ ਯੋਗਦਾਨ ਦੇ ਬਾਵਜੂਦ ਕੇਂਦਰ ਸਰਕਾਰ ਨੇ ਉਨ੍ਹਾਂ ਪ੍ਰਤੀ ਵਿਰੋਧੀ ਰਵੱਈਆ ਅਪਨਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਕੇਂਦਰ ਸਰਕਾਰ ਕੌਮੀ ਰਾਜਧਾਨੀ ਤੋਂ 200 ਕਿਲੋਮੀਟਰ ਦੂਰ ਬੈਠੇ ਕਿਸਾਨਾਂ ਨਾਲ ਗੱਲ ਸੁਣਨ ਲਈ ਵੀ ਤਿਆਰ ਨਹੀਂ।ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਆਪਣਾ ਹੰਕਾਰੀ ਰਵੱਈਆ ਛੱਡਣ ਅਤੇ ਅੰਦੋਲਨਕਾਰੀ ਕਿਸਾਨਾਂ ਨਾਲ ਗੱਲਬਾਤ ਦਾ ਰਾਹ ਖੋਲ੍ਹਣ ਦੀ ਨਸੀਹਤ ਦਿੱਤੀ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਕਿਸੇ ਵਿਸ਼ੇਸ਼ ਮੌਕੇ ਦੀ ਉਡੀਕ ਨਹੀਂ ਕਰਨੀ ਚਾਹੀਦੀ, ਸਗੋਂ ਪਹਿਲ ਦੇ ਆਧਾਰ ਉਤੇ ਕਿਸਾਨਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰਨਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਕਿਸਾਨਾਂ ਦੇ ਮਸਲਿਆਂ ਨੂੰ ਵਡੇਰੇ ਲੋਕ ਹਿੱਤ ਵਿੱਚ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ।

# ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਦਾ ਵੱਡਾ ਐਲਾਨ: ਦਿੱਲੀ 'ਚ ਦੇਵਾਂਗੇ 24 ਘੰਟੇ ਸਾਫ਼ ਪਾਣੀ

**ਨਵੀਂ ਦਿੱਲੀ।** ਦਿੱਲੀ 'ਚ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਿੱਲੀ ਵਾਸੀਆਂ ਲਈ ਲਗਾਤਾਰ ਚੋਣ ਐਲਾਨ ਕਰ ਰਹੇ ਹਨ। ਅਰਵਿੰਦ ਕੇਜਰੀਵਾਲ ਨੇ ਇੱਕ ਹੋਰ ਚੋਣ ਵਾਅਦਾ ਕੀਤਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅਸੀਂ ਦਿੱਲੀ 'ਚ 24 ਘੰਟੇ ਸਾਫ਼ ਪਾਣੀ ਮੁਹੱਈਆ ਕਰਵਾਵਾਂਗੇ। ਉਨ੍ਹਾਂ ਕਿਹਾ ਕਿ ਪਲਾਂਟ ਲਗਾ ਕੇ ਅਮੋਨੀਆ ਨੂੰ ਦੂਰ ਕੀਤਾ ਜਾਵੇਗਾ। ਉੱਥੇ ਢਾਈ ਹਜ਼ਾਰ ਟਿਊਬਵੈੱਲ ਲਗਾਏ ਜਾਣਗੇ।

ਇਸਦੇ ਨਾਲ ਹੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਰਾਜਿੰਦਰ ਨਗਰ ਵਿਧਾਨ ਸਭਾ ਦੀ ਇੱਕ ਕਲੋਨੀ 'ਚ ਅੱਜ ਤੋਂ 24 ਘੰਟੇ ਪਾਣੀ ਦੀ ਸਪਲਾਈ ਸ਼ੁਰੂ ਹੋ ਰਹੀ ਹੈ। ਇਸ ਨੂੰ ਛੇਤੀ ਹੀ ਪੂਰੀ ਦਿੱਲੀ 'ਚ ਸ਼ੁਰੂ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਵੀ ਕੇਜਰੀਵਾਲ ਤਿੰਨ ਵੱਡੇ ਐਲਾਨ ਕਰ ਚੁੱਕੇ ਹਨ। ਬੂਸਟਰ ਪੰਪਿੰਗ ਸਟੇਸ਼ਨ ਦੇ ਉਦਘਾਟਨ ਤੋਂ ਬਾਅਦ ਅਰਵਿੰਦ ਕੇਜਰੀਵਾਲ ਅਤੇ ਦਿੱਲੀ ਦੇ ਮੁੱਖ ਮੰਤਰੀ ਆਤਿਸ਼ੀ ਰਾਜੇਂਦਰ ਨਗਰ ਦੇ ਪਾਂਡਵ ਨਗਰ ਸਥਿਤ ਡੀਡੀਏ ਫਲੈਟਸ ਦੀ ਸਥਾਨਕ ਰਿਹਾਇਸ਼ 'ਤੇ ਪਹੁੰਚੇ। ਜਿੱਥੇ ਪਾਣੀ ਦੀ ਗੁਣਵੱਤਾ ਜਾਂਚਣ ਲਈ ਅਰਵਿੰਦ ਕੇਜਰੀਵਾਲ ਨੇ ਟੂਟੀ ਤੋਂ ਸਿੱਧਾ ਪਾਣੀ ਪੀਤਾ ਅਤੇ ਕਿਹਾ ਕਿ ਇਹ ਪਾਣੀ ਸਾਫ਼ ਹੈ। ਹਾਲ ਹੀ 'ਚ ਅਰਵਿੰਦ ਕੇਜਰੀਵਾਲ ਨੇ ਦਿੱਲੀ 'ਚ ਮਹਿਲਾ ਸਨਮਾਨ ਯੋਜਨਾ ਅਤੇ ਸੰਜੀਵਨੀ ਯੋਜਨਾ ਲਈ ਰਜਿਸਟ੍ਰੇਸ਼ਨ ਸ਼ੁਰੂ ਕੀਤੀ। ਮੁੱਖ ਮੰਤਰੀ ਆਤਿਸ਼ੀ ਅਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੋਮਵਾਰ ਨੂੰ ਈਸਟ ਕਿਦਵਈ ਨਗਰ ਤੋਂ ਮਹਿਲਾ ਸਨਮਾਨ ਰਾਸ਼ੀ ਯੋਜਨਾ ਲਈ ਰਜਿਸਟ੍ਰੇਸ਼ਨ ਸ਼ੁਰੂ ਕੀਤੀ। ਇਸ ਸਕੀਮ ਤਹਿਤ ਔਰਤਾਂ ਨੂੰ 2100 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Sham Lal Chander consultant- call number - 07488841161

# ਐਸ.ਸੀ /ਬੀ.ਸੀ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਸੂਬਾਈ ਕਨਵੈਂਸ਼ਨ ਦਾ ਲੁਧਿਆਣਾ ਵਿਖੇ ਆਯੋਜਨ









**ਲੁਧਿਆਣਾ।** ਅਨੁਸੂਚਿਤ ਅਤੇ ਪਛੜੀਆਂ ਜਾਤੀ ਨਾਲ ਸੰਬੰਧਿਤ ਅਧਿਆਪਕਾਂ ਦੇ ਹਿਤਾਂ ਦੀ ਪੈਰਵਾਈ ਕਰਨ ਵਾਲੀ ਅਧਿਆਪਕ ਜਥੇਬੰਦੀ ਐਸ.ਸੀ/ ਬੀ.ਸੀ ਅਧਿਆਪਕ ਯੂਨੀਅਨ ਵੱਲੋਂ ਸੂਬਾਈ ਕਨਵੈਂਸ਼ਨ ਦਾ ਆਯੋਜਨ ਪੰਜਾਬੀ ਭਵਨ ਲੁਧਿਆਣਾ ਵਿਖੇ ਕੀਤਾ ਗਿਆ । ਇਸ ਕਨਵੈਂਸ਼ਨ ਵਿੱਚ ਵਿਸ਼ੇਸ਼ ਤੌਰ ਤੇ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ, ਸੂਬਾ ਮੀਤ ਪ੍ਰਧਾਨ ਪਰਵਿੰਦਰ ਭਾਰਤੀ , ਕਾਰਜਕਾਰੀ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ, ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ ਵਿਸ਼ੇਸ਼ ਤੌਰ ਤੇ ਪੁੱਜੇ । ਜ਼ਿਲਾ ਪ੍ਰਧਾਨ ਬਲਵਿੰਦਰ ਸਿੰਘ ਲਤਾਲਾ ਨੇ ਵੱਖ ਵੱਖ ਬਲਾਕਾਂ ਦੇ ਪ੍ਰਧਾਨਾਂ ਸਹਿਤ ਸੂਬਾ ਕਮੇਟੀ ਦੇ ਅਹੁਦੇਦਾਰਾਂ ਦਾ ਸਵਾਗਤ ਕੀਤਾ ।ਇਸ ਕਨਵੈਂਸ਼ਨ ਵਿੱਚ ਮੁੱਖ ਤੌਰ ਤੇ ਨਵੀਂ ਸਿੱਖਿਆ ਨੀਤੀ 2020,ਜੰਜੂਆ ਜਜਮੈਂਟ ਦੇ ਵੱਖ-ਵੱਖ ਫੈਸਲੇ ,ਰਾਖਵਾਂਕਰਨ ਅਤੇ ਵੱਖ-ਵੱਖ ਰੋਸਟਰ ਨੁਕਤੇ ਅਤੇ ਪੁਰਾਣੀ ਪੈਨਸ਼ਨ ਬਹਾਲੀ ਬਾਰੇ ਜਥੇਬੰਦੀ ਦੇ ਬੁਲਾਰਿਆਂ ਨੇ ਵਿਸਥਾਰਤ ਰੂਪ ਵਿੱਚ ਚਰਚਾ ਕੀਤੀ ਅਤੇ ਇਕੱਤਰ ਹੋਏ ਅਧਿਆਪਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕੀਤਾ ।

ਜ਼ਿਲਾ ਪ੍ਰਧਾਨ ਬਲਵਿੰਦਰ ਸਿੰਘ ਲਤਾਲਾ ਨੇ ਪਿਛਲੇ ਦਿਨੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਦਿੱਤੇ ਡਾਕਟਰ ਭੀਮ ਰਾਓ ਅੰਬੇਡਕਰ ਸਬੰਧੀ ਬਿਆਨਾਂ ਦੀ ਪੁਰਜੋਰ ਨਿੰਦਿਆ ਕੀਤੀ ਅਤੇ ਆਖਿਆ ਕਿ ਸੰਵਿਧਾਨ ਨਿਰਮਾਤਾ ਅਤੇ ਨਿਮਨ ਵਰਗਾਂ ਦੇ ਮੁਕਤੀ ਦਾਤਾ ਡਾਕਟਰ ਭੀਮ ਰਾਓ ਅੰਬੇਡਕਰ ਸਬੰਧੀ ਅਜਿਹੀ ਸ਼ਬਦਾਵਲੀ ਰਾਹੀਂ ਮੌਜੂਦਾ ਕੇਂਦਰ ਸਰਕਾਰ ਦੀ ਪਛੜਿਆ ਅਤੇ ਨਿਮਨ ਵਰਗਾਂ ਦੇ ਲੋਕਾਂ ਪ੍ਰਤੀ ਮਾਨਸਿਕਤਾ ਜਗ ਜਾਹਰ ਹੁੰਦੀ ਹੈ।

ਸੂਬਾ ਮੀਤ ਪ੍ਰਧਾਨ ਪਰਵਿੰਦਰ ਭਾਰਤੀ ਨੇ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਤੇ ਪਛੜੀਆਂ ਸ਼੍ਰੇਣੀਆਂ ਦੇ ਅਧਿਆਪਕਾਂ ਦੀਆਂ ਬਤੌਰ ਲੈਕਚਰਾਰ ਤਰੱਕੀਆਂ ਵਿੱਚ ਰੋਸਟਰ ਨੁਕਤਿਆਂ ਨੂੰ ਨਜ਼ਰ ਅੰਦਾਜ਼ ਕਰਨ ਦੀ ਗੱਲ ਆਖੀ । ਇਸ ਕਨਵੈਂਸ਼ਨ ਵਿੱਚ ਵੱਖ ਵੱਖ ਕੇਡਰਾਂ ਵਿੱਚ ਪਦ ਉਨਤ ਹੋਏ ਅਧਿਆਪਕਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ ।ਬਹੁ ਗਿਣਤੀ ਵਿੱਚ ਹਾਜ਼ਰ ਹੋਏ ਅਧਿਆਪਕਾਂ ਦੀ ਮੌਜੂਦਗੀ ਸਦਕਾ ਕਨਵੈਂਸ਼ਨ ਸਫਲਤਾਪੂਰਵਕ ਸੰਪੰਨ ਹੋਈ ਇਸ ਮੌਕੇ ਤੇ ਪ੍ਰਿੰਸੀਪਲ ਅਮਨਦੀਪ ਸਿੰਘ,ਲੈਕਚਰਾਰ ਰਣਜੀਤ ਸਿੰਘ ਹਠੂਰ ,ਲੈਕ: ਮਨੋਹਰ ਸਿੰਘ ਦਾਖਾ, ਲੈਕ: ਦਰਸ਼ਨ ਸਿੰਘ ਡਾਂਗੋ,ਲੈਕਚਰਾਰ ਗੁਰਜੈਪਾਲ ਸਿੰਘ,ਸਾਬਕਾ ਜਿਲਾ ਪ੍ਰਧਾਨ ਮਾਸਟਰ ਭੁਪਿੰਦਰ ਸਿੰਘ ਚੰਗਣਾ,ਮਾਸਟਰ ਸਤਨਾਮ ਸਿੰਘ ਜਗਰਾਓ, ਮਾਸਟਰ ਬਲਦੇਵ ਸਿੰਘ ਮੁੱਲਾਪੁਰ, ਮਾਸਟਰ ਬਿਆਸ ਲਾਲ, ਮਾਸਟਰ ਬੇਅੰਤ ਸਿੰਘ ਤੋਂ ਇਲਾਵਾ ਸੈਂਕੜੇ ਅਧਿਆਪਕ ਹਾਜ਼ਰ ਸਨ ।

# ਐਸ.ਡੀ.ਕਾਲਜ 'ਚ ਫਿੱਟ ਇੰਡੀਆ ਅਭਿਆਨ ਚਲਾਇਆ ਗਿਆ

**ਕਪੂਰਥਲਾ ( ਕੌੜਾ )-** ਐਸ.ਡੀ.ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਡਾ ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਫਿਟ ਇੰਡੀਆ ਅ ਭਿ ਆ ਨ ਚਲਾਇਆ ਗਿਆ । ਰਾਸ਼ਟਰ ਵਿਆਪੀ ਅਭਿਆਨ ਦਾ ਮੁੱਖ ਉਦੇਸ਼ ਵਿਹਾਰਕ ਜੀਵਨ ਵਿੱਚ ਬਦਲਾਅ ਲਿਆਉਣਾ ਤੇ ਦੇਸ਼ ਵਾਸੀਆਂ ਨੂੰ ਸਰੀਰਕ ਰੂਪ ਤੋਂ ਉਰਜਾ ਭਰਪੂਰ ਜੀਵਨ ਸ਼ੈਲੀ ਵੱਲ ਲੈ ਜਾਣਾ ਹੈ। ਇਸੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਕਾਲਜ ਵਿਚ ਕਈ ਗਤੀਵਿਧੀਆਂ ਕਰਵਾਈਆਂ ਗਈਆਂ । ਸਰੀਰਕ ਤੇ ਮਾਨਸਿਕ ਰੂਪ ਤੋਂ ਸਿਹਤ ਮੰਦ ਹੋਣ ਦਾ ਸੰਦੇਸ਼ ਦਿੰਦੇ ਹੋਏ ਪੋਸਟਰ ਮੇਕਿੰਗ ਪ੍ਰਤੀਯੋਗਿਤਾ ਕਰਵਾਈ ਗਈ। ਯੋਗ ਆਸਣ ਕਰਵਾਏ ਗਏ ਤੇ ਮਾਨਸਿਕ



ਸ਼ਾਂਤੀ ਤੇ ਅਧਿਆਤਮਕਿਤਾ ਤੇ ਸਰੀਰ ਦੀ ਸਾਂਭ ਸੰਭਾਲ

ਬਾਰੇ ਮੈਡਮ ਰਜਨੀ ਬਾਲਾ ਵੱਲੋਂ ਵਿਦਿਆਰਥਣਾਂ ਨੂੰ ਪ੍ਰੇਰਿਤ ਵੀ ਕੀਤਾ ਗਿਆ । ਇਸ ਦੇ ਨਾਲ ਨਾਲ ਸੰਤੁਲਿਤ ਭੋਜਨ ਲੈਣ ਬਾਰੇ ਵੀ ਕਿਹਾ ਗਿਆ ਅਤੇ ਫਿਟ ਇੰਡੀਆ ਐਪ ਅਪਣਾਉਣ ਲਈ ਵੀ ਕਿਹਾ ਗਿਆ । ਇਸ ਦੌਰਾਨ ਵਿਦਿਆਰਥਣਾਂ ਨੂੰ ਹਰ ਰੋਜ਼ 30 ਮਿਨਟ ਸਰੀਰਕ ਗਤੀਵਿਧੀਆਂ ਕਰਨ ਸਬੰਧੀ ਵੀ ਸੋਂਹ ਵੀ ਚੁਕਵਾਈ ਗਈ ।ਪੌਸ਼ਟਕ ਭੋਜਨ ਵਾਲੇ ਪੋਸਟਰ ਹੱਥਾਂ ਵਿੱਚ ਲੈ ਕੇ ਰੈਲੀ ਕੱਢ ਕੇ ਨਗਰ ਵਾਸੀਆਂ ਨੂੰ ਵੀ ਜਾਗਰੂਕ ਕੀਤਾ ਗਿਆ । ਮੈਡਮ ਰਜਨੀ ਬਾਲਾ ਦੀ ਦੇਖ ਦੇਖ 'ਚ ਆਯੋਜਿਤ ਅਭਿਆਨ ਦਾ ਮੁੱਖ ਉਦੇਸ਼ ਸੀ, ਕਿ ਵਿਕਸਿਤ ਭਾਰਤ ਵਿੱਚ ਯੁਵਾ ਪੀੜੀ ਤੰਦਰੁਸਤ ਰਹਿ ਕੇ, ਤੰਦਰੁਸਤ ਰਾਸ਼ਟਰ ਦਾ ਨਿਰਮਾਣ ਕਰ ਸਕੇ।

# ਧੰਨ ਧੰਨ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵੱਲੋਂ ਭਵਾਨੀਗੜ੍ਹ ਦੇ ਬੱਸ ਅੱਡੇ ਉੱਪਰ ਇੱਕ ਰੋਜ਼ਾ ਲੰਗਰ ਦੀ ਸੇਵਾ ਨਿਭਾਈ ਗਈ

**ਸੰਦੀਪ ਸਿੰਘ'ਬਖੋਪੀਰ'(ਸਮਾਜ ਵੀਕਲੀ)** ਸਕੂਲ ਦੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦੇ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ ਅਤੇ ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ ਮੈਨੇਜਮੈਂਟ ਮੈਂਬਰ ਕਮਲਦੀਪ ਸਿੰਘ ਝਨੇੜੀ ਜੀ ਅਤੇ ਪ੍ਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ ਦੀ ਯੋਗ ਅਗਵਾਈ ਸਦਕਾ ਬੀਤੇ ਦਿਨੀਂ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਦੇ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਧੰਨ ਧੰਨ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਨਵੇਂ ਬੱਸ ਸਟੈਂਡ ਭਵਾਨੀਗੜ੍ਹ ਵਿਖੇ ਇੱਕ ਦਿਨਾਂ ਲੰਗਰ ਦੀ ਸੇਵਾ ਨਿਭਾਈ ਗਈ। ਵਿਦਿਆਰਥੀਆਂ ਅਤੇ ਮਾਪਿਆਂ ਦੇ ਸਹਿਯੋਗ ਨਾਲ ਚਾਹ ਅਤੇ ਕਾਲੇ ਚਨਿਆਂ ਦਾ ਲੰਗਰ ਲਗਾਇਆ ਗਿਆ, ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਇਸ ਲੰਗਰ ਦੀ ਸੇਵਾ ਵਿੱਚ ਵੱਧ ਚੜ ਕੇ ਸੇਵਾ ਨਿਭਾਈ , ਸਕੂਲ ਲੰਮੇ ਸਮੇਂ ਤੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਵਾਲੀ ਸਿੱਖਿਆ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਿੱਥੇ ਸਕੂਲ ਦੇ ਵਿਦਿਆਰਥੀਆਂ ਨੇ ਸੇਵਾ ਕੀਤੀ ਉੱਥੇ ਹੀ ਧੰਨ ਧੰਨ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸ਼ਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਆਪਣੇ ਸ਼ਹਾਦਤਾਂ ਭਰੇ ਲਾਸਾਨੀ ਵਿਰਸੇ ਦਾ ਗਿਆਨ ਵੀ ਹਾਸਿਲ ਕੀਤਾ ਅਤੇ ਸੰਗਤਾਂ ਦੀ ਸੇਵਾ ਕੀਤੀ। ਸੇਵਾ ਕਮੇਟੀ ਦੇ ਇੰਚਾਰਜ ਪੰਜਾਬੀ ਅਧਿਆਪਕ ਸੰਦੀਪ ਸਿੰਘ ਧਰਮ ਵਿਸ਼ੇ ਦੇ ਅਧਿਆਪਕ ਗੁਰਜੰਟ ਸਿੰਘ ਨਾਲ ਸਕੂਲ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਡਾ ਅੰਬੇਡਕਰ ਸੋਸਾਇਟੀ ਆਰ ਸੀ ਐੱਫ ਦੁਆਰਾ ਇੰਜੀ. ਰੋਹਿਤ ਜਨਾਗਲ ਅਤੇ ਸ਼ਿਵਾਨੀ ਵਿਆਹ ਦੇ ਸ਼ੁੱਭ ਮੌਕੇ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ

**ਕਪੂਰਥਲਾ, (ਕੌੜਾ)–** ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸੋਸਾਇਟੀ ਰਜਿ. ਰੇਲ ਕੋਚ ਫੈਕਟਰੀ, ਕਪੂਰਥਲਾ ਵਲੋਂ ਸੋਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਸ਼੍ਰੀ ਸੰਤੋਖ ਰਾਮ ਜਨਾਗਲ ਦੇ ਸਪੁੱਤਰ ਇੰਜੀ. ਰੋਹਿਤ ਜਨਾਗਲ ਅਤੇ ਉਨ੍ਹਾਂ ਦੀ ਪਤਨੀ ਸ਼ਿਵਾਨੀ ਨੂੰ ਵਿਆਹ ਦੇ ਸ਼ੁੱਭ ਮੌਕੇ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਤੇ ਸੋਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਨੇ ਜਨਾਗਲ ਪਰਿਵਾਰ ਨੂੰ ਮੁਬਾਰਕਬਾਦ ਅਤੇ ਸੁਨਹਿਰੀ ਭਵਿੱਖ ਦੀਆਂ ਸ਼ੁੱਭ ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਰੋਹਿਤ ਜਨਾਗਲ ਨੇ ਸਮੇਂ ਸਮੇਂ ਤੇ ਜਿੱਥੇ ਸੋਸਾਇਟੀ ਨੂੰ ਆਰਥਿਕ ਤੌਰ ਤੇ ਸੇਵਾਵਾਂ ਪ੍ਰਦਾਨ ਕਰਦੇ ਰਹੇ ਉੱਥੇ ਆਪਣੇ ਵਿਆਹ ਦੀਆਂ ਖ਼ੁਸ਼ੀਆਂ ਨੂੰ ਮੁੱਖ ਰੱਖਦੇ ਹੋਏ ਸੋਸਾਇਟੀ ਨੂੰ ਪ੍ਰੋਜੈਕਟਰ ਚਲਾਉਣ ਲਈ ਲੈਪਟਾਪ ਵੀ ਭੇਂਟ ਕੀਤਾ ਗਿਆ।

ਸੋਸਾਇਟੀ ਦੇ ਜਨਰਲ ਸਕੱਤਰ ਧਰਮ ਪਾਲ ਪੈਂਥਰ ਨੇ ਕਿਹਾ ਕਿ ਮਾਨਵਤਾਵਾਦੀ ਮਹਾਪੁਰਸ਼ਾਂ ਦੀ ਵਿਚਾਰਧਾਰਾ ਤੇ ਚਲਦੇ ਹੋਏ ਬੇਟੇ ਰੋਹਿਤ ਨੇ ਅੰਤਰਜਾਤੀ ਵਿਆਹ ਕਰਵਾਕੇ ਜਾਤੀ ਤੋੜੋ ਤੇ ਸਮਾਜ ਜੋੜੋ ਦਾ ਸੰਦੇਸ਼ ਦਿੱਤਾ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ । ਇਹ ਜੋੜਾ ਭਵਿਖ ਵਿੱਚ ਵੀ




ਸਮਾਜ ਅੰਦਰ ਆਪਸੀ ਭਾਈਚਾਰਕ ਸਾਂਝ ਨੂੰ ਮਜਬੂਤ ਬਣਾਉਣ ਲਈ ਸਰਗਰਮ ਭੂਮਿਕਾ ਨਿਭਾਉਂਦੇ ਰਹਿਣਗੇ਼ ਸੋਸਾਇਟੀ ਆਸ ਵੀ ਕਰਦੀ ਹੈ ਕਿ ਭਵਿੱਖ ਵਿੱਚ ਸੋਸਾਇਟੀ ਵੱਲੋਂ ਸਮਾਜਸੇਵੀ ਕਾਰਜਾਂ ਨੂੰ ਤਨ ਮਨ ਧੰਨ ਨਾਲ ਸਹਿਯੋਗ ਕਰਦੇ ਰਹਿਣਗੇ।

ਬੁੱਧੀਜੀਵੀ ਸ਼੍ਰੀ ਨਿਰਵੈਰ ਸਿੰਘ ਨੇ ਕਿਹਾ ਕਿ ਜਨਾਗਲ ਪਰਿਵਾਰ ਨੇ ਦਲਿਤ ਸਮਾਜ ਨੂੰ ਉੱਚਾ ਚੁੱਕਣ ਲਈ ਸਰਗਰਮੀ ਨਾਲ ਭੂਮਿਕਾ ਨਿਭਾ ਰਹੇ ਹਨ ਅਤੇ ਡਾ. ਬੀ. ਆਰ. ਅੰਬੇਡਕਰ ਸੋਸਾਇਟੀ ਸਮਾਜ ਨੂੰ ਸੇਧ ਦੇਣ ਵਾਲੇ ਸਮਾਜ ਸੇਵਕਾਂ ਨੂੰ ਸਨਮਾਨਿਤ ਕਰਨਾ ਆਪਣਾ ਨੈਤਿਕ ਫਰਜ਼ ਅਤੇ ਮਾਣ ਮਹਿਸੂਸ ਕਰਦੀ ਹੈ । ਆਪਣੇ ਸਨਮਾਨ ਵਿੱਚ ਬੋਲਦਿਆਂ ਇੰਜੀ. ਰੋਹਿਤ ਜਨਾਗਲ ਨੇ ਕਿਹਾ ਕਿ ਇਲਾਕੇ ਦੀ ਸਮਾਜ ਸੇਵੀ ਸੰਸਥਾ ਨੇ ਜਿਸ ਵਿੱਚ ਮੇਰੇ ਪਾਪਾ ਅਤੇ ਸੋਸਾਇਟੀ ਦੇ ਸਾਥੀਆਂ ਨੇ ਸ਼ਾਨਦਾਰ ਸ਼ਾਨਦਾਰ ਭੂਮਿਕਾ ਨਿਭਾਈ ਹੈ ਅਤੇ ਮੈਨੂੰ ਆਈ ਆਈ ਟੀ ਕਰਵਾ ਕੇ ਕਾਬਿਲ ਬਣਾਇਆ ਹੈ। ਮੇਰੇ ਵਿਆਹ ਦੇ ਸ਼ੁੱਭ ਮੌਕੇ ਤੇ ਮੈਨੂੰ ਅਤੇ ਮੇਰੀ ਪਤਨੀ ਨੂੰ ਸਨਮਾਨਿਤ ਕਰਨਾ ਮੇਰੇ ਲਈ ਬਹੁਤ ਹੀ ਫ਼ਖਰ ਵਾਲੀ ਗੱਲ ਹੈ। ਇਹ ਸਨਮਾਨ ਹਮੇਸ਼ਾ ਲਈ ਮੈਨੂੰ ਸਮਾਜ ਵਿੱਚ ਆਪਣਾ ਵੱਡਮੁਲਾ ਯੋਗਦਨ ਪਾਉਣ ਲਈ ਪ੍ਰੇਰਿਤ ਕਰਦਾ ਰਹੇਗਾ। ਸੋਸਾਇਟੀ ਵਲੋਂ ਰੋਹਿਤ ਤੇ ਉਨ੍ਹਾਂ ਦੀ ਪਤਨੀ ਸ਼ਿਵਾਨੀ ਨੂੰ ਬਾਬਾ ਸਾਹਿਬ ਦੀ ਯਾਦਗਾਰੀ ਤਸਵੀਰ ਅਤੇ ਭਾਰਤੀ ਸੰਵਿਧਾਨ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਤੇ ਸੋਸਾਇਟੀ ਦੇ ਉੱਪ ਪ੍ਰਧਾਨ ਨਿਰਮਲ ਸਿੰਘ, ਬਾਮਸੇਫ ਦੇ ਕੰਨਵੀਨਰ ਕਸ਼ਮੀਰ ਸਿੰਘ, ਸਮਾਜਸੇਵਕ ਗੁਰਬਖਸ ਸਲੋਹ, ਸੰਤੋਖ ਸਿੰਘ ਜੱਬੋਵਾਲ, ਅਸ਼ਿਸ਼ ਕੇਨੇਡਾ, ਪਰਮਜੀਤ ਪਾਲ, ਅਵਤਾਰ ਸਿੰਘ, ਧਰਮਵੀਰ ਅੰਬੇਡਕਰੀ, ਜਸਵੀਰ ਸਿੰਘ, ਬਲਵੀਰ ਸਿੰਘ, ਰਣਜੀਤ ਸਿੰਘ, ਗੁਰਨਾਮ ਸਿੰਘ, ਸੁਨੀਤਾ ਰਾਣੀ, ਪਾਲ ਕੌਰ, ਸ਼ੀਤਲ ਕੌਰ, ਜਸਵੀਰ ਕੌਰ, ਸੀਤਾ ਦੇਵੀ, ਬਲਜਿੰਦਰ ਕੌਰ ਅਤੇ ਰਸ਼ਪਾਲ ਕੌਰ ਆਦਿ ਸ਼ਾਮਿਲ ਸਨ ।

# ਮਾਛੀਵੜਾ ਸਾਹਿਬ ਦੇ ਸ਼ਹੀਦੀ ਜੋੜ ਮੇਲ ਮੌਕੇ ਪਿੰਡ ਧਨੂਰ ਦੀ ਸੰਗਤ ਵੱਲੋਂ ਲੰਗਰ ਲਗਾਇਆ ਗਿਆ







**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਜਿਲਾ ਲੁਧਿਆਣਾ ਦੀ ਇਤਿਹਾਸਕ ਨਗਰੀ ਸ੍ਰੀ ਮਾਛੀਵੜਾ ਸਾਹਿਬ ਦਾ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਹੈ। ਸ਼ਹੀਦੀ ਦਿਨਾਂ ਦੇ ਸੰਬੰਧ ਵਿੱਚ ਚਮਕੌਰ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਜੰਗ ਦੇ ਦਰਮਿਆਨ ਮਾਛੀਵਾੜਾ ਦੇ ਜੰਗਲਾਂ ਵਿੱਚ ਆ ਕੇ ਰੁਕੇ ਅਨੇਕਾਂ ਧਾਰਮਿਕ ਇਤਿਹਾਸਿਕ ਧਾਰਮਿਕ ਸਮਾਗਮ ਮਾਛੀਵਾੜਾ ਵਿੱਚ ਮਨਾਏ ਜਾਂਦੇ ਹਨ। ਇਹਨਾਂ ਦਿਨਾਂ ਵਿੱਚ ਚੱਲ ਰਹੀ ਸ਼ਹੀਦੀ ਸਭਾ ਦਾ ਜੋੜ ਮੇਲ ਵੀ ਮਾਛੀਵਾੜਾ ਵਿੱਚ ਮਨਾਇਆ ਜਾਂਦਾ ਹੈ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਦੇ ਵਿੱਚ ਵਿਸ਼ੇਸ਼ ਧਾਰਮਿਕ ਪ੍ਰੋਗਰਾਮ ਕਰਵਾਏ ਜਾਂਦੇ ਹਨ ਜੋ ਸੰਗਤ ਸ਼ਹੀਦੀ ਸਭਾ ਦੇ ਦਿਨ ਵਿੱਚ ਮਾਛੀਵਾੜਾ ਸਾਹਿਬ ਵਿੱਚ ਗੁਰੂਆਂ ਦੀ ਯਾਦ ਵਿੱਚ ਪੁੱਜਦੀ ਹੈ ਉਹਨਾਂ ਦੀ ਸੇਵਾ ਵਿੱਚ ਇਲਾਕੇ ਦੀਆਂ ਸੰਗਤਾਂ ਵੱਲੋਂ ਲੰਗਰ ਲਗਾਏ ਜਾਂਦੇ ਹਨ ਨੇੜਲੇ ਪਿੰਡ ਧਨੂੰਰ ਤੇ ਇਲਾਕੇ ਦੀ ਸੰਗਤ ਵੱਲੋਂ ਹੋਲੇ ਮਹੱਲੇ ਅਤੇ ਸਭਾ ਦੇ ਦਿਨਾਂ ਵਿੱਚ ਲੰਗਰ ਲਾਇਆ ਜਾਂਦਾ ਹੈ ਇਸ ਲੰਗਰ ਦੇ ਵਿੱਚ ਦਾਲ ਫੁਲਕਾ ਸਾਹਿਬ ਦੇ ਤਰੀਕੇ ਦੇ ਨਾਲ ਤਿਆਰ ਕੀਤਾ ਜਾਂਦਾ ਹੈ ਤੇ ਛਕਾਇਆ ਜਾਂਦਾ ਹੈ। ਜਥੇਦਾਰ ਬਾਬਾ ਗੁਰਨਾਮ ਸਿੰਘ ਧਨੂਰ ਲੰਮੇ ਸਮੇਂ ਤੋਂ ਇਸ ਲੰਗਰ ਦੀ ਸੇਵਾ ਆਪਣੇ ਹੱਥੀ ਨਿਭਾਉਂਦੇ ਆ ਰਹੇ ਹਨ। ਪਿੰਡ ਧਨੂੰਰ, ਇਲਾਕੇ ਮਾਛੀਵਾੜਾ ਸਾਹਿਬ ਦੀ ਸੰਗਤ ਜੁੜ ਕੇ ਇਸ ਲੰਗਰ ਵਿੱਚ ਸੇਵਾ ਕਰਦੀ ਹੈ। ਇਸ ਲੰਗਰ ਵਿੱਚ ਸੇਵਾ ਕਰਨ ਵਾਲਿਆਂ ਵਿੱਚ ਪ੍ਰੀਤਮ ਸਿੰਘ ਲੰਬੜਦਾਰ ਧਰਮ ਸਿੰਘ ਧਨੂਰ ਗੁਰਚਰਨ ਸਿੰਘ ਮਨਜੀਤ ਸਿੰਘ ਝੱਜ ਜਗੀਰ ਸਿੰਘ ਜਗਦੇਵ ਸਿੰਘ ਮਹਿੰਦਰ ਸਿੰਘ



ਬਿਕਰਮਜੀਤ ਸਿੰਘ ਸੁਰਜੀਤ ਸਿੰਘ ਜਰਨੈਲ ਸਿੰਘ ਅਵਤਾਰ ਸਿੰਘ ਪਰਮਜੀਤ ਸਿੰਘ ਨੀਲੋਂ ਆਦਿ ਸੇਵਾਦਾਰ ਬੱਚਿਆਂ ਨੂੰ ਪ੍ਰੇਰਨਾ ਕਰਕੇ ਲੰਗਰ ਦੀਆਂ ਸੇਵਾਵਾਂ ਤਿੰਨ ਦਿਨ ਚਲਾਉਂਦੇ ਹਨ। ਪੁਲਿਸ ਮੁਲਾਜ਼ਮ ਲੰਗਰਾਂ ਵਿੱਚ ਪਾ ਰਹੇ ਹਨ ਵਿਸ਼ੇਸ਼ ਸਹਿਯੋਗ ਇਸ ਲੰਗਰ ਦੇ ਨਾਲ ਜੁੜੀ ਹੋਈ ਵਿਸ਼ੇਸ਼ ਗੱਲ ਇਹ ਹੈ ਕਿ ਲੰਗਰਾਂ ਦੀਆਂ ਸੇਵਾਵਾਂ ਸ਼ੁਰੂ ਕਰਨ ਵਾਲੇ ਗੁਰਨਾਮ ਸਿੰਘ ਥਾਣੇਦਾਰ,ਜੋ ਪੁਲਿਸ ਡਿਊਟੀ ਦਰਮਿਆਨ ਹੀ ਲੰਗਰਾਂ ਦੀ ਸੇਵਾ ਕਰਦੇ ਆ ਰਹੇ ਹਨ ਤੇ ਅੱਜ ਕੱਲ ਮਹਿਕਮੇ ਤੋਂ ਰਿਟਾਇਰਡ ਹਨ ਇਸ ਦੇ ਨਾਲ ਹੀ ਗੁਰਚਰਨ ਸਿੰਘ ਥਾਣੇਦਾਰ, ਜਗਦੇਵ ਸਿੰਘ ਥਾਣੇਦਾਰ, ਜਰਨੈਲ ਸਿੰਘ ਥਾਣੇਦਾਰ ਤੇ ਹੋਰ ਕਈ ਪੁਲਿਸ ਮੁਲਾਜ਼ਮ ਵੀਰ ਜੋ ਇਸ ਵੇਲੇ ਰਿਟਾਇਰ ਹਨ ਤੇ ਉਹ ਅੱਗੇ ਹੋ ਕੇ ਲੰਗਰਾਂ ਦੀਆਂ ਸੇਵਾਵਾਂ ਨਿਭਾਅ ਰਹੇ ਹਨ। ਜਿਸ ਦੀ ਸ਼ਲਾਘਾ ਹੋ ਰਹੀ ਹੈ।

# ਆਰ. ਸੀ. ਐੱਫ. ਮਜ਼ਦੂਰ ਯੂਨੀਅਨ ਨੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ

**ਕਪੂਰਥਲਾ ( ਕੌੜਾ )–** ਆਰ. ਸੀ. ਐੱਫ. ਦੀ ਕਰਾਸ ਕੰਟਰੀ ਟੀਮ ਨੇ ਅੰਤਰ ਰੇਲਵੇ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਮੌਕੇ ਜੇਤੂ ਖਿਡਾਰੀ ਨੂੰ ਸਨਮਾਨਿਤ ਕਰਨ ਉਪਰੰਤ ਬੋਲਦਿਆਂ ਹੋਇਆ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਰਾਮ ਰਤਨ ਸਿੰਘ ਨੇ ਕਿਹਾ, "ਆਰ. ਸੀ. ਐੱਫ. ਵਿੱਚ ਖੇਡਾਂ ਪ੍ਰਤੀ ਜਨੂੰਨ, ਜਿਸ ਤਰ੍ਹਾਂ ਸਟਾਫ ਅਤੇ ਬੱਚੇ ਸਖ਼ਤ ਮਿਹਨਤ ਕਰਦੇ ਹਨ, ਵੱਡੇ ਸਨਮਾਨ ਅਤੇ ਮੈਡਲ ਜਿੱਤਦੇ ਹਨ। ਸਾਨੂੰ ਉਸ ਪਰਿਵਾਰ ਦਾ ਹਿੱਸਾ ਬਣਨ 'ਤੇ ਮਾਣ ਮਹਿਸੂਸ ਹੁੰਦਾ ਹੈ। ਰੇਲ ਕੋਚ ਫੈਕਟਰੀ ਕਪੂਰਥਲਾ ਦੀ ਗੋਲਡ ਮੈਡਲ ਜੇਤੂ ਟੀਮ ਨੂੰ ਮਜ਼ਦੂਰ ਯੂਨੀਅਨ ਵੱਲੋਂ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚ ਰਣਵੀਰ ਸਿੰਘ, ਸਾਰਾ ਅਲੀ ਖਾਨ,



ਜਾਹਨਵੀ ਕਪੂਰ, ਭੂਮੀ ਪੇਡਨੇਕਰ, ਜਾਹਨਵੀ ਕਪੂਰ ਅਤੇ ਅਨਿਲ ਕਪੂਰ ਸ਼ਾਮਲ ਹਨ। ਇਸ ਮੌਕੇ ਚੇਅਰਮੈਨ ਅਮਰ ਸਿੰਘ ਪੱਖੋਕੇ, ਗੁਰਸੇਵਕ ਸਿੰਘ ਸ਼ੇਖ, ਸਤਿੰਦਰਪਾਲ ਸਿੰਘ ਮਲਮੋਹਰੀ, ਦਮਨਜੀਤ ਸਿੰਘ, ਗੁਰਮਨ ਸਿੰਘ ਭੂਰੇਗਿੱਲ, ਕੁਲਦੀਪ ਸਿੰਘ, ਸੀਨੀਅਰ ਕੇਸਰ ਸਿੰਘ ਬਾਥ, ਰਣਜੀਤ ਸਿੰਘ ਬਾਥ, ਕੁਲਦੀਪ ਸਿੰਘ ਦਿਓ ਅਤੇ ਹੋਰ ਵੀ ਹਾਜ਼ਰ ਸਨ।

# ਸਿੱਖਿਆ ਮੰਤਰੀ ਦੇ ਅੜੀਅਲ ਵਤੀਰੇ ਤੇ ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਹੱਲ ਨਾ ਕਰਨ ਤੇ ਵਿਰੁੱਧ ਸਾਂਝਾ ਅਧਿਆਪਕ ਮੋਰਚਾ ਪੰਜਾਬ ਅਤੇ ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੱਦੇ ਤੇ ਸਿੱਖਿਆ ਮੰਤਰੀ ਦੀ ਅਰਥੀ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ

**ਮੰਗਾਂ ਨਾ ਮੰਨੀਆਂ ਤਾਂ ਹੋਵੇਗਾ ਵੱਡਾ ਪ੍ਰਦਰਸ਼ਨ:- ਆਗੂ**

ਫਿਲੌਰ/ਅੱਪਰਾ (ਜੱਸੀ) ਸਾਂਝਾ ਅਧਿਆਪਕ ਮੋਰਚਾ ਪੰਜਾਬ ਤੇ ਅਤੇ ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੱਦੇ ਤੇ ਸਿੱਖਿਆ ਮੰਤਰੀ ਦੇ ਅੜੀਅਲ ਵਤੀਰੇ ਤੇ ਅਧਿਆਪਕਾਂ ਦੀਆਂ ਮੰਗਾ ਨਾ ਮੰਨਣ ਤੇ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸਾਂਝਾ ਅਧਿਆਪਕ ਮੋਰਚਾ ਜਿਲ੍ਹਾ ਜਲੰਧਰ ਦੇ ਕਨਵੀਨਰ ਕਰਨੈਲ ਫਿਲੌਰ, ਨਵਪ੍ਰੀਤ ਬੱਲੀ, ਗੁਰਮੀਤ ਕੋਟਲੀ ਨੇ ਕਿਹਾ ਬੀਤੇ ਦਿਨੀਂ ਸਿੱਖਿਆ ਮੰਤਰੀ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਅੜੀਅਲ ਵਤੀਰੇ ਕਾਰਨ ਮੀਟਿੰਗ ਬੇਸਿੱਟਾ ਰਹੀ। ਇਸ ਸਬੰਧੀ ਜਾਣਕਾਰੀ ਦਿੰਦਿਆ ਆਗੂਆਂ ਨੇ ਦੱਸਿਆ ਕਿ ਅਧਿਆਪਕਾਂ ਦੇ ਚਿਰਾਂ ਤੋਂ ਲਟਕਦੇ ਮਸਲੇ ਹੱਲ ਨਾ ਕਰਨ ਅਤੇ ਅਧਿਆਪਕਾਂ ਦੀਆਂ ਤਰੱਕੀਆਂ ਸਮੇਂ ਸਾਰੇ ਸਕੂਲਾਂ ਦੇ ਖਾਲੀ ਸਟੇਸ਼ਨ ਨਾ ਦਿਖਾਉਣ ਦੇ ਰੋਸ ਵਜੋਂ ਸਾਂਝੇ ਅਧਿਆਪਕ ਮੋਰਚੇ ਵੱਲੋਂ 6 ਦਸੰਬਰ ਨੂੰ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਜਿਸ ਦੇ ਸਿੱਟੇ ਵਜੋਂ ਸਿੱਖਿਆ ਮੰਤਰੀ ਵੱਲੋਂ ਮੀਟਿੰਗ ਦਾ ਸਮਾਂ ਦਿੱਤਾ ਗਿਆ ਸੀ। ਸਾਂਝਾ ਅਧਿਆਪਕ ਮੋਰਚਾ ਪੰਜਾਬ ਅਤੇ ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਸਿੱਖਿਆ ਮੰਤਰੀ ਨਾਲ ਕੀਤੀ ਗਈ ਸਾਂਝੀ ਮੀਟਿੰਗ ਵਿੱਚ ਪੀ. ਟੀ. ਆਈਜ਼ / ਆਰਟ ਐਂਡ ਕਰਾਫਟ ਟੀਚਰਜ਼ ਆਦਿ ਸੀ. ਐਂਡ ਵੀ. ਅਧਿਆਪਕਾਂ ਦੇ ਪੇਅ ਸਕੇਲਾਂ ਸਬੰਧੀ ਵਿੱਤ ਵਿਭਾਗ ਵਲੋਂ ਜਾਰੀ ਤਰਕਹੀਣ ਸਪੀਕਿੰਗ ਆਰਡਰ ਤੁਰੰਤ ਰੱਦ ਕਰਨ, ਤੇ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ, ਪ੍ਰਮੋਟ ਅਧਿਆਪਕਾਂ ਨੂੰ ਸਟੇਸ਼ਨ ਨੇੜੇ ਦੇਣ ਤੇ ਰਹਿੰਦੀਆਂ ਤਰੱਕੀਆਂ ਕਰਨ ਸਬੰਧੀ ਮੰਗ ਜੋਰਦਾਰ ਢੰਗ ਨਾਲ ਰੱਖੀ ਗਈ, ਪਰ ਸਿੱਖਿਆ ਮੰਤਰੀ ਨੇ ਇਹ ਮਸਲਾ ਵਿੱਤ ਵਿਭਾਗ ਦੇ ਅਧਿਕਾਰ ਖੇਤਰ ਦਾ ਕਹਿ ਕੇ ਇਸ ਦਾ ਕੋਈ ਹੱਲ ਨਹੀਂ ਕੀਤਾ। ਇਸ ਉਪਰੰਤ ਮਿਡਲ ਅਤੇ ਘੱਟ ਗਿਣਤੀ ਬੱਚਿਆਂ ਵਾਲੇ ਸਕੂਲ ਬੰਦ ਕਰਨ ਲਈ ਬਜਿਦ ਸਿੱਖਿਆ ਮੰਤਰੀ ਵਲੋਂ ਨਿਯੁਕਤੀਆਂ ਅਤੇ ਤਰੱਕੀਆਂ ਵਿੱਚ ਸਾਰੇ ਸਕੂਲਾਂ ਦੀਆਂ ਖਾਲੀ ਪੋਸਟਾਂ ਦਿਖਾਉਣ ਤੋਂ ਇਨਕਾਰ ਕਰਨ 'ਤੇ




ਅਧਿਆਪਕ ਆਗੂਆਂ ਵਲੋਂ ਸਖਤ ਵਿਰੋਧ ਕਰਦਿਆਂ ਪ੍ਰਾਇਮਰੀ ਸਕੂਲਾਂ ਵਿੱਚ ਜਮਾਤਵਾਰ ਅਤੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਸ਼ਾਵਾਰ ਅਧਿਆਪਕਾਂ ਦੀ ਮੰਗ ਕੀਤੀ। ਜਿਸ ਉਪਰੰਤ ਸਿੱਖਿਆ ਮੰਤਰੀ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ ਜਾਰੀ ਰੱਖਣ ਦੀ ਹਦਾਇਤ ਕਰਕੇ ਮੀਟਿੰਗ ਛੱਡ ਦਿੱਤੀ ਗਈ। ਅਧਿਆਪਕ ਆਗੂਆਂ ਵੱਲੋਂ ਸਿੱਖਿਆ ਮੰਤਰੀ ਨਾਲ ਕੀਤੀ ਜਾ ਰਹੀ ਮੀਟਿੰਗ ਅਧਿਕਾਰੀਆਂ ਨਾਲ ਜਾਰੀ ਰੱਖਣ ਤੋਂ ਇਨਕਾਰ ਕਰਕੇ ਵਾਕਆਊਟ ਕੀਤਾ ਗਿਆ।

ਸਾਂਝਾ ਅਧਿਆਪਕ ਮੋਰਚਾ ਸਾਂਝੀ ਮੀਟਿੰਗ ਵਿੱਚ ਸਿੱਖਿਆ ਮੰਤਰੀ ਵੱਲੋਂ ਮਿਡਲ ਅਤੇ ਘੱਟ ਗਿਣਤੀ ਬੱਚਿਆਂ ਵਾਲੇ ਸਕੂਲਾਂ ਨੂੰ ਬੰਦ ਕਰਨ, ਤਰੱਕੀਆਂ ਅਤੇ ਨਿਯੁਕਤੀਆਂ ਸਮੇਂ ਸਮੁੱਚੇ ਸਕੂਲਾਂ ਦੀਆਂ ਖਾਲੀ ਪੋਸਟਾਂ ਦਿਖਾਉਣ ਤੋਂ ਇਨਕਾਰ ਕਰਨ ਅਤੇ ਅਧਿਆਪਕਾਂ ਦੇ ਚਿਰਾਂ ਤੋਂ ਲਟਕਦੇ ਮਸਲਿਆਂ ਸਬੰਧੀ ਸੰਜੀਦਾ ਨਾ ਹੋਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਗਿਆ ਕਿ ਅਗਰ ਅਧਿਆਪਕਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਵੱਡਾ ਅੰਦੋਲਨ ਕੀਤਾ ਜਾਵੇਗਾ। ਇਸ ਸਮੇਂ ਸੁਖਵਿੰਦਰ ਸਿੰਘ ਮੱਕੜ , ਕਮਲਜੀਤ ਸਿੰਘ ਸੰਗੋਵਾਲ, ਹਰਮੰਗਤ ਸਿੰਘ,ਬਲਜੀਤ ਸਿੰਘ ਕੂਲਾਰ, ਰਸ਼ਮਿੰਦਰ ਸੋਨੂੰ,ਹਰਮਨ-ਜੋਤ ਸਿੰਘ ਵਾਲੀਆ, ਸੁਖਵਿੰਦਰ ਪ੍ਰੀਤ ਸਿੰਘ,ਰਮਨ ਕੁਮਾਰ, ਅੰਮ੍ਰਿਤਪਾਲ ਸਿੰਘ, ਅਮਨਦੀਪ ਸਿੰਘ ਸ਼ਾਹਕੋਟ, ਬਲਵਿੰਦਰ ਸਿੰਘ ਮੁਰੀਦਵਾਲ, ਅਸ਼ੋਕ ਕੁਮਾਰ, ਜਸਵੀਰ ਸਿੰਘ ਵਿਜੇ ਕੁਮਾਰ, ਸੰਦੀਪ ਕੰਬੋਜ਼,ਨਕੋਦਰ, ਅਮਨਦੀਪ ਸਿੰਘ ਨੰਗਲ ਅੰਬੀਆਂ,ਗੌਰਵ ਕੁਮਾਰ,ਮਨਜਿੰਦਰ ਸਿੰਘ, ਪੰਕਜ ਕੁਮਾਰ, ਰਣਜੀਤ ਠਾਕੁਰ, ਵਿਨੋਦ ਭੱਟੀ, ਵੇਦ ਰਾਜ, ਲੇਖ ਰਾਜ, ਜਤਿੰਦਰ ਸਿੰਘ,ਬਖਸ਼ੀ ਰਾਮ, ਅਸੀਮ ਕੁਮਾਰ, ਵਰਿੰਦਰਵੀਰ ਸਿੰਘ,ਗੁਰਿੰਦਰ ਸਿੰਘ,ਪ੍ਰਣਾਮ ਸਿੰਘ, ਅਸ਼ੋਕ ਕੁਮਾਰ, ਨਿਰਮਲ ਸਿੰਘ, ਵਿਕਰਮ ਕੁਮਾਰ,ਸਰਬਜੀਤ ਢੇਸੀ, ਅਸ਼ਵਨੀ ਕੁਮਾਰ, ਅਮਰਜੀਤ ਪੰਡੋਰੀ ਕੁਲਦੀਪ ਕੁਮਾਰ, ਗੁਰਚਰਨ ਸਿੰਘ ਪਰਤਾਬਪੁਰਾ, ਸੰਦੀਪ ਸ਼ਰਮਾ,ਆਦਿ ਸ਼ਾਮਿਲ ਸਨ।

# ਗਿਆਨ ਕੌਰ ਰਿਟਾਇਰਡ ਸੀ ਐੱਚ ਟੀ ਦੇ ਦਿਹਾਂਤ ਤੇ ਅਧਿਆਪਕ ਦਲ ਵੱਲੋਂ ਦੁੱਖ ਦਾ ਪ੍ਰਗਟਾਵਾ

**ਕਪੂਰਥਲਾ ( ਕੌੜਾ )-** ਅਧਿਆਪਕ ਦਲ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸ: ਪਿਆਰਾ ਸਿੰਘ ਧੰਜੂ ਦੇ ਪਤਨੀ ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਧੰਜੂ ਦੇ ਮਾਤਾ ਜੀ ਸ਼੍ਰੀਮਤੀ ਗਿਆਨ ਕੌਰ ਰਿਟਾਇਰਡ ਸੀਐੱਚ ਟੀ ਦੇ ਦਿਹਾਂਤ ਤੇ ਅਧਿਆਪਕ ਦਲ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਇਸ ਦੌਰਾਨ ਅਧਿਆਪਕ ਦਲ ਪੰਜਾਬ ਦੀ ਕਪੂਰਥਲਾ ਇਕਾਈ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁਖਦਿਆਲ ਸਿੰਘ ਝੰਡ ,ਲੈਕਚਰਾਰ ਰਜੇਸ਼ ਜੋਲੀ, ਸ ਰ ਪ੍ ਸ ਤ ਮੁਖਤਿਆਰ ਲਾਲ, ਸੁਰਜੀਤ ਸਿੰਘ ਲਖਨਪਾਲ, ਸੂਬਾਈ ਆਗੂ ਭਜਨ ਸਿੰਘ ਮਾਨ ਤੇ ਰਮੇਸ਼ ਕੁਮਾਰ ਭੇਟਾ ਦੀ ਅਗਵਾਈ ਵਿੱਚ ਇੱਕ ਸ਼ੋਕ ਸਭਾ ਹੋਈ। ਜਿਸ ਵਿੱਚ ਅਧਿਆਪਕ ਦਲ ਕਪੂਰਥਲਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸਰਦਾਰ ਪਿਆਰਾ ਸਿੰਘ ਧੰਜੂ ਦੀ ਪਤਨੀ, ਜਨਰਲ ਸਕੱਤਰ ਸਰਦਾਰ ਮਨਜਿੰਦਰ ਸਿੰਘ ਧੰਜੂ ਤੇ ਭੈਣ ਨਵਜੀਤ ਕੌਰ ਤੇ ਹਰਜੀਤ ਕੌਰ ਦੇ ਮਾਤਾ ਜੀ ਸ਼੍ਰੀਮਤੀ ਗਿਆਨ ਕੌਰ ਰਿਟਾਇਰਡ ਸੀ ਐਚ ਟੀ ਸ਼ਾਹਵਾਲ ਅੰਦਰੀਸਾ ਦੇ ਅਚਾਨਕ ਦਿਹਾਂਤ ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਵਿੱਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਆਗੂਆਂ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਇਸ ਮੌਕੇ ਧੰਜੂ ਪਰਿਵਾਰ ਨਾਲ ਸ੍ਰੀਮਤੀ ਮਮਤਾ ਬਜਾਜ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਪੂਰਥਲਾ, ਸ਼੍ਰੀਮਤੀ ਦਲਜਿੰਦਰ ਕੌਰ ਵਿਰਕ ਡੀਈਓ ਸੈਕੈਂਡਰੀ ਕਪੂਰਥਲਾ, ਡਾਕਟਰ ਬਲਵਿੰਦਰ ਸਿੰਘ ਬੱਟੂ ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ



ਕਪੂਰਥਲਾ , ਰਾਜੇਸ਼ ਭੱਲਾ ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੈਂਡਰੀ ਕਪੂਰਥਲਾ ਰਣਜੀਤ ਸਿੰਘ ਖੋਜੇਵਾਲ ਜ਼ਿਲ੍ਹਾ ਪ੍ਰਧਾਨ ਭਾਜਪਾ,ਸ. ਜਸਵਿੰਦਰ ਸਿੰਘ ਔਲਖ ਪੰਜਾਬ ਪਰਧਾਨ ਅਧਿਆਪਕ ਦਲ ਪੰਜਾਬ, ਰਵਿੰਦਰਜੀਤ ਸਿੰਘ ਪੰਨੂੰ ਸਕੱਤਰ ਜਨਰਲ ਪੰਜਾਬ, ਸੁਖਚੈਨ ਸਿੰਘ ਬੱਧਣ ਜਿਲ੍ਹਾ ਪ੍ਰਧਾਨ ਜੀਟੀਜੂ ਕਪੂਰਥਲਾ, ਸ੍ਰੀ ਨਰੇਸ਼ ਕੋਹਲੀ ਜਿਲ੍ਹਾ ਪ੍ਰਧਾਨ ਮਾਸਟਰ ਕੇਡਰ ਯੂਨੀਅਨ ਕਪੂਰਥਲਾ, ਸਰਦਾਰ ਰਸ਼ਪਾਲ ਸਿੰਘ ਵੜੈਚ ਸੂਬਾਈ ਆਗੂ ਐਲੀਮੈਂਟਰੀ ਟੀਚਰ ਯੂਨੀਅਨ , ਹਰਵਿੰਦਰ ਸਿੰਘ ਅੱਲੂਵਾਲ ਨੇ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ।ਸ਼ੋਕ ਸਭਾ ਵਿੱਚ ਹਰਦੇਵ ਸਿੰਘ ਖਾਨੋਵਾਲ, ਲੈਕਚਰਾਰ ਵਨੀਸ਼ ਸ਼ਰਮਾ ਡਾਕਟਰ ਅਰਵਿੰਦਰ ਸਿੰਘ ਭਰੋਤ ,ਮਨੂੰ ਕੁਮਾਰ ਪਰਾਸ਼ਰ, ਅਮਰੀਕ ਸਿੰਘ ਰੰਧਾਵਾ, ਜਗਜੀਤ ਸਿੰਘ ਮਿਰਜਾਪੁਰ ,ਮਨੋਜ ਟਿੱਬਾ, ਸਤੀਸ਼ ਟਿੱਬਾ ,ਸੰਦੀਪ ਟਿੱਬਾ, ਮਨਦੀਪ ਸਿੰਘ ਫੱਤੂਢੀਗਾਂ, ਜਤਿੰਦਰ ਸਿੰਘ ਸ਼ੈਲੀ, ਮਨਜੀਤ ਸਿੰਘ ਥਿੰਦ, ਪ੍ਰਵੀਨ ਕੁਮਾਰ ਆਨੰਦ, ਸੁਖਜਿੰਦਰ ਸਿੰਘ ਢੋਲਣ, ਇੰਦਰਜੀਤ ਸਿੰਘ ਖਹਿਰਾ, ਸਰਬਜੀਤ ਸਿੰਘ ਔਜਲਾ, ਸ਼ੁਭ ਦਰਸ਼ਨ ਆਨੰਦ, ਰਕੇਸ਼ ਸਾਨਿਆਲ, ਰਾਜਨਜੋਤ ਸਿੰਘ ਖਹਿਰਾ ,ਗੁਰਵਿੰਦਰ ਸਿੰਘ ,ਅਮਰਜੀਤ ਕਾਲਾ ,ਅਮਨ ਸੂਦ ,ਅਮਰਜੀਤ ਸਿੰਘ ਡੈਣਵਿੰਡ, ਮਨਿੰਦਰ ਸਿੰਘ, ਕੁਲਬੀਰ ਸਿੰਘ ਕਾਲੀ, ਅਮਨਦੀਪ ਸਿੰਘ ਵੱਲਣੀ ਤੇ ਬਾਕੀ ਆਗੂਆਂ ਨੇ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ।

# ਅਧਿਆਪਕਾ ਸੀਮਾ ਰਾਣੀ ਨੇ ਜਿੱਤਿਆ ਪੰਜਾਬ ਪੱਧਰ ਦਾ ਇਨਾਮ




**ਫਿਲੌਰ/ਅੱਪਰਾ (ਜੱਸੀ)**-ਸ਼੍ਰੀ ਇਲਮ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਛੋਕਰਾਂ ਦੀ ਅਧਿਆਪਕਾ ਸੀਮਾ ਰਾਣੀ ਨੇ ਪੰਜਾਬ ਪੱਧਰ ਸਨਮਾਨ ਪ੍ਰਾਪਤ ਕੀਤਾ । ਜਾਣਕਾਰੀ ਦਿੰਦੇ ਹੋਏ ਸਕੂਲ ਮੁਖੀ ਗੁਰਜੀਤ ਸਿੰਘ ਨੇ ਦੱਸਿਆ ਕਿ ਸਰਵਹਿੱਤਕਾਰੀ ਸਿੱਖਿਆ ਸਮਿਤੀ ਦੇ ਪੂਰੇ ਪੰਜਾਬ ਵਿੱਚ 125 ਸਕੂਲ ਹਨ , ਹਰ ਸਾਲ ਸਿੱਖਿਆ ਸਮਿਤੀ ਵੱਲੋਂ ਸਲਾਨਾ ਸਮਾਰੋਹ ਦਾ ਆਯੋਜਨ ਕੀਤਾ ਜਾਂਦਾ ਹੈ , ਜਿਸ ਵਿੱਚ ਪੂਰੇ ਪੰਜਾਬ ਦੇ ਸਕੂਲਾਂ ਦੇ ਅਧਿਆਪਕ ਹਿੱਸਾ ਲੈਂਦੇ ਹਨ , ਵੱਖ ਵੱਖ ਪੜਾਅ ਤਹਿ ਕਰਦੇ ਹੋਏ ਅਧਿਆਪਕ ਆਪਣੇ ਅੰਤਿਮ ਪੜਾਅ ਤੇ ਪਹੁੰਚਦੇ ਹਨ , ਜਿੱਥੇ ਇਹਨਾਂ ਵਿੱਚੋ ਚੁਣੇ ਹੋਏ ਅਧਿਆਪਕਾਂ ਨੂੰ ਸਲਾਨਾ ਸਮਾਰੋਹ ਤੇ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ ਹੈ । ਉਹਨਾਂ ਕਿਹਾ ਸਾਡੇ ਸਕੂਲ ਲਈ ਬਹੁਤ ਮਾਣ ਦੀ ਗੱਲ ਹੈ , ਇਸ ਵਾਰ ਸਾਡੇ ਸਕੂਲ ਦੀ ਅਧਿਆਪਕਾ ਸੀਮਾ ਜੀ ਚੁਣੇ ਗਏ । ਸਰਵਹਿੱਤਕਾਰੀ ਸਿੱਖਿਆ ਸਮਿਤੀ ਦਾ ਇਹ ਬਹੁਤ ਹੀ ਸੁੰਦਰ ਅਤੇ ਪ੍ਰੇਨਾਦਿਕ ਉਪਰਾਲਾ ਹੈ । ਇਸ ਨਾਲ ਜਿੱਥੇ ਅਧਿਆਪਕ ਦੇ ਮਾਣ ਸਨਮਾਨ ਵਿੱਚ ਵਾਧਾ ਹੁੰਦਾ ਹੈ , ਨਾਲ ਹੀ ਉਹਨਾਂ ਨੂੰ ਪ੍ਰੇਰਨਾ ਵੀ ਮਿਲਦੀ ਹੈ। ਸਾਰੇ ਸਕੂਲ ਵਲੋਂ ਸੀਮਾ ਰਾਣੀ ਜੀ ਨੂੰ ਬਹੁਤ ਬਹੁਤ ਮੁਬਾਰਕਾਂ ।

# ਬੀ.ਸੀ.ਐਮ.ਸਕੂਲ ਫੋਕਲ ਪੁਆਇੰਟ ਵਿਖੇ ਸੱਤ ਰੋਜ਼ਾ ਐਨ.ਐਸ.ਐਸ ਕੈਂਪ ਦਾ ਸ੍ਰ: ਦਵਿੰਦਰ ਸਿੰਘ ਲੋਟੇ ਨੇ ਕੀਤਾ ਉਦਘਾਟਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)-** ਐਨ.ਐਸ.ਐਸ ਸੱਤ ਰੋਜ਼ਾ ਸਪੈਸ਼ਲ ਕੈਂਪ( ਕੁੜੀਆਂ) ਮਿਤੀ 22 ਦਸੰਬਰ 2024 ਤੋਂ 28 ਦਸੰਬਰ 2024 ਤੱਕ ਬੀ.ਸੀ.ਐਮ. ਸਕੂਲ, ਫੋਕਲ ਪੁਆਇੰਟ, ਲੁਧਿਆਣਾ ਵਿੱਚ ਲਗਾਇਆ ਜਾ ਰਿਹਾ ਹੈ ਅਤੇ ਸਫਲਤਾ ਪੂਰਵਕ ਅੱਗੇ ਵਧ ਰਿਹਾ ਹੈ। 22 ਦਸੰਬਰ ਨੂੰ ਸਾਰੇ ਵਲੰਟੀਅਰਜ਼ ਦੇ ਕੈਂਪਸ ਵਿੱਚ ਆਉਣ ਮਗਰੋਂ ਗਰੁੱਪਾਂ ਵਿੱਚ ਵੰਡਿਆ ਗਿਆ ਅਤੇ ਵੱਖ-ਵੱਖ ਡਿਉਟੀਆਂ ਦਿੱਤੀਆਂ ਗਈਆਂ। ਦੁਪਹਿਰ ਨੂੰ ਹੋਏ ਸੈਮੀਨਾਰ ਵਿੱਚ ਡਾ. ਸੁਖਪਾਲ ਕੌਰ ਜੀ ਨੇ ਸਾਰੇ ਵਲੰਟੀਅਰਜ਼ ਨੂੰ ਆਪਣੇ ਚਰਿੱਤਰ ਦਾ ਨਿਰਮਾਣ ਕਰਨ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਜੁੜਨ ਲਈ ਪ੍ਰੇਰਿਤ ਕੀਤਾ । ਸ਼ਾਮ ਨੂੰ ਵਲੰਟੀਅਰਜ਼ ਦਾ ਨਸ਼ਿਆਂ ਵਿਰੁੱਧ ਸਲੋਗਨ ਲਿਖਣ ਦਾ ਮੁਕਾਬਲਾ ਕਰਵਾਇਆ ਗਿਆ । 23 ਦਸੰਬਰ 2024 ਨੂੰ ਕੈਂਪ ਦਾ ਉਦਘਾਟਨ ਸਮਾਰੋਹ ਹੋਇਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਸਰਦਾਰ ਦਵਿੰਦਰ ਸਿੰਘ ਜੀ ਲੋਟੇ (ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ, ਲੁਧਿਆਣਾ) ਨੇ ਰਿਬਨ ਕੱਟ ਕੇ ਕੈਂਪ ਦਾ ਉਦਘਾਟਨ ਕੀਤਾ ਅਤੇ ਉਸ ਤੋਂ ਬਾਅਦ ਕੈਂਪ ਸਟਾਫ ਤੇ ਸਾਰੇ ਮਹਿਮਾਨਾਂ ਨੇ ਰਲ ਕੇ ਸ਼ਮਾਂ ਰੋਸ਼ਨ ਕੀਤੀ। ਵਲੰਟੀਅਰਜ਼ ਨੇ ਗਣੇਸ਼ ਵੰਦਨਾ ਕੀਤੀ, ਐਨ.ਐਸ.ਐਸ. ਗੀਤ ਗਾਇਆ ਅਤੇ ਨਾਰੀ ਸ਼ਕਤੀ ਦੇ ਭਾਵਾਂ ਨੂੰ ਪ੍ਰਗਟ ਕਰਦਾ ਇੱਕ ਸੁੰਦਰ ਡਾਂਸ ਪੇਸ਼ ਕਰਕੇ ਸਾਰੀ ਫਿਜ਼ਾ ਨੂੰ ਮਨਮੋਹਕ ਬਣਾ ਦਿੱਤਾ। ਕੈਂਪ ਕਮਾਂਡਰ ਸ਼੍ਰੀਮਤੀ ਰਜਨੀ ਮਹਾਜਨ ਜੀ ਨੇ ਵਲੰਟੀਅਰਜ਼ ਨੂੰ ਐਨ.ਐਸ .ਐਸ. ਦੇ ਉਦੇਸ਼ਾਂ ਬਾਰੇ ਜਾਣੂ ਕਰਵਾਇਆ। ਸਰਦਾਰ ਦਵਿੰਦਰ ਸਿੰਘ ਜੀ ਨੇ ਐਨ.ਐਸ.ਐਸ. ਵਲੰਟੀਅਰਜ਼ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਤੁਸੀਂ ਭਾਗਾਂ ਵਾਲੇ ਹੋ ਜੋ ਇਸ ਕੈਂਪ ਵਿੱਚ ਭਾਗ ਲੈ ਰਹੇ ਹੋ। ਤੁਹਾਨੂੰ ਚੰਗੇ ਬੰਦਿਆਂ ਦੀ ਸੰਗਤ ਕਰਨੀ ਚਾਹੀਦੀ ਹੈ ਅਤੇ ਆਪਣੇ ਵਿਚਾਰ ਉੱਚੇ ਰੱਖਣੇ ਚਾਹੀਦੇ ਹਨ ,ਅਧਿਆਪਕ ਅਤੇ ਮਾਪਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਉਹੀ ਤੁਹਾਡਾ ਭਲਾ ਚਾਹੁੰਦੇ ਹਨ ਅਤੇ ਪਰਿਵਾਰਿਕ ਸਾਂਝ ਨੂੰ ਬਣਾ ਕੇ ਰੱਖਣਾ ਹੈ ਅਤੇ ਆਪਣੀ ਦੇਸ਼ ਦੇ ਮਹਾਨ ਵਿਰਸੇ ਅਤੇ ਵਿਰ-ਾਸਤ ਨੂੰ ਸੰਭਾਲਣਾ ਹੈ । ਹੈੱਡ ਅਕਾਦਮਿਕ ਸ਼੍ਰੀਮਤੀ ਸਿੰਪਲ ਵਰਮਾ ਜੀ ਨੇ ਕਿਹਾ ਕਿ ਤੁਸੀਂ ਭਾਗਾਂ ਵਾਲੇ ਹੋ ਤੁਹਾਡੇ ਸਕੂਲ ਵਿੱਚ ਐਨ.ਐਸ.ਐਸ. ਕੈਂਪ ਲਗਾਇਆ ਜਾ ਰਿਹਾ ਹੈ। ਇੱਥੇ ਰਹਿ ਕੇ ਤੁਹਾਨੂੰ ਕਾਫੀ ਕੁਝ ਸਿੱਖਣ ਦਾ ਮੌਕਾ ਮਿਲੇਗਾ ਅਤੇ ਤੁਸੀਂ ਜਾਣ ਸਕਦੇ ਹੋ ਕਿ ਸੱਤ ਦਿਨ ਮੋਬਾਈਲ ਤੋਂ ਦੂਰ ਰਹਿ ਕੇ ਤੁਸੀਂ ਵਧੀਆ ਢੰਗ ਨਾਲ ਜ਼ਿੰਦਗੀ ਗੁਜ਼ਾਰ ਸਕਦੇ ਹੋ । ਪ੍ਰਿੰਸੀਪਲ ਸ਼੍ਰੀਮਤੀ ਨੀਰੂ ਕੋੜਾ ਜੀ ਨੇ ਐਨ.ਐਸ.ਐਸ. ਵਲੰਟੀਅਰਜ਼ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਕੈਂਪ ਤੋਂ ਬਾਅਦ ਤੁਸੀਂ ਹੋਰ ਜ਼ਿੰਮੇਵਾਰ, ਮਿਹਨਤੀ ਅਤੇ ਅਨੁਸ਼ਾਸਿਤ ਵਿਦਿਆਰਥੀ ਬਣ ਸਕੋਗੇ ਅਤੇ ਉਹਨਾਂ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸਮਾਰੋਹ ਵਿੱਚ ਸੇਵਾ ਮੁਕਤ ਅਧਿਆਪਕ ਸ਼੍ਰੀਮਤੀ ਗੁਰਵਿੰਦਰ ਕੌਰ ਜੀ ਅਤੇ ਸਹਾਇਕ ਪ੍ਰੋਗਰਾਮ ਅਫਸਰ ਰੀਟਾ ਵਰਮਾ ਜੀ , ਸ਼੍ਰੀਮਤੀ ਮੋਨਿਕਾ ਭੱਟੀ , ਮਿਸ ਨੈਨਸੀ ਅਤੇ ਮਿਸ ਅਨੁਰਾਧਾ ਵੀ ਸ਼ਾਮਲ ਸਨ।





# ਪੁਸਤਕ ਪੜਚੋਲ: ਚਾਰੇ ਦਿਸ਼ਾਵਾਂ ਨੂੰ ਤਿੰਨ-ਤਿੰਨ ਅੱਖਰਾਂ ਵਿੱਚ ਸਮੇਟਦੀ ਹਾਇਕੂ ਪੁਸਤਕ

**ਤੇਜਿੰਦਰ ਚੰਡਿਹੋਕ**

ਅੱਜ ਦੇ ਯੁਗ ਵਿੱਚ ਹਾਇਕੂ ਦੀ ਰਚਨਾ ਦਿਨੋਂ ਦਿਨ ਪ੍ਰਚਲਤ ਹੋ ਰਹੀ ਹੈ। ਜੇ ਕਹਿ ਲਈਏ ਕਿ ਜਿਵੇਂ ਵੱਡੀ ਕਹਾਣੀ ਜਾਂ ਨਾਵਲ ਦੀ ਥਾਂ ਮਿੰਨੀ ਕਹਾਣੀ ਲੈ ਰਹੀ ਹੈ ਉਸੇ ਤਰ੍ਹਾਂ ਹੁਣ ਲੰਬੀ ਕਾਵਿ ਰਚਨਾ ਦੀ ਥਾਂ ਹਾਇਕੂ ਲੈ ਰਿਹਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਬਹੁਤਿਆਂ ਸ਼ਬਦਾਂ ਨੂੰ ਥੋੜ੍ਹੇ ਸ਼ਬਦਾਂ ਵਿੱਚ ਬਿਆਨ ਕਰਨਾ ਹਾਇਕੂ ਹੈ। ਹਾਇਕੂ ਵੀ ਕਾਵਿ ਦੀਆਂ ਹੋਰ ਵਿਧਾਵਾਂ ਜਿਵੇਂ ਖੁਲ੍ਹੀ ਕਵਿਤਾ, ਗ਼ਜ਼ਲ, ਗੀਤ ਆਦਿ ਵਾਂਗ ਹੀ ਹੈ। ਸੁਰਜੀਤ ਸਿੰਘ ਦਿਹੜ ਇੱਕ ਲੋਕ ਕਵੀ ਹੈ ਜਿਸ ਨੇ ਆਪਣੇ ਅਧਿਆਪਨ ਦੇ ਕਿੱਤੇ ਨਾਲ਼ ਲੋਕਾਂ ਦੇ ਦਰਦ ਨੂੰ ਆਪਣੀਆਂ ਰਚਨਾਵਾਂ ਵਿੱਚ ਬਿਆਨਿਆਂ ਹੈ। ਲੇਖਕ ਸੁਰਜੀਤ ਸਿੰਘ ਦਿਹੜ ਨੇ ਹੱਥਲੀ ਪੁਸਤਕ 'ਚਾਰ ਦਿਸ਼ਾਵਾਂ ਤਿੰਨ ਤਿੰਨ ਅੱਖਰ' ਤੋਂ ਪਹਿਲਾਂ ਉਦਾਸੇ ਮੌਸਮ ਹਰਾਸੀਆਂ ਪੌਣਾਂ ਬਾਰਾਂ ਮਾਂਹ ਵਿੱਚ ਪੰਜਾਬੀ ਸੱਭਿਆਚਾਰ ਦਾ ਬਿਰਤਾਂਤ ਅਤੇ ਬਹਾਰਾਂ ਦੀ ਤਾਂਘ ਵਰਗੀਆਂ ਕ੍ਰਿਤਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਇਹ ਪੁਸਤਕ ਕ੍ਰਿਤ ਕਰਕੇ ਵੀ ਮੁਸ਼ਕਿਲਾਂ ਭਰਿਆ ਜੀਵਨ ਜਿਉਂਣ ਵਾਲੇ ਮਨੁੱਖਾਂ ਨੂੰ ਸਮਰਪਿਤ ਕੀਤੀ ਹੈ। ਉਸ ਨੇ ਵੱਖ-ਵੱਖ ਵਿਸ਼ਿਆਂ ਸਮਾਜਿਕ, ਆਰਥਿਕ, ਰਾਜਨਿਤਕ ਆਦਿ ਨੂੰ ਲੈ ਕੇ ਆਪਣੀ ਪੁਸਤਕ ਵਿੱਚ ਸ਼ਾਮਲ ਕੀਤਾ ਹੈ।

ਹਾਇਕੂ ਦੀ ਸ਼ੁਰੂਆਤ ਪਰਮਿੰਦਰ ਸੋਢੀ ਦੀ ਅਨੁਵਾਦਿਤ ਪੁਸਤਕ 'ਜਾਪਾਨੀ ਹਾਇਕੂ ਸ਼ਾਇਰੀ' ਤੋਂ ਇੱਧਰ ਆਈ ਮੰਨੀ ਜਾਂਦੀ ਹੈ। 'ਅਦਬੀ ਪਰਿਕਰਮਾ' ਦੇ ਸੰਪਾਦਕ ਕਸ਼ਮੀਰੀ ਲਾਲ, ਬਰਨਾਲਾ ਦੇ ਮਰਹੂਮ ਬਸੰਤ ਕੁਮਾਰ ਰਤਨ ਅਤੇ ਬਠਿੰਡਾ ਦੇ ਪਰਮਜੀਤ ਪਰਮ ਹਰਦੀਪ ਕੌਰ ਸੰਧੂ ਅਤੇ ਸਿਮਰਜੀਤ ਕੌਰ ਬਰਾੜ ਨੇ ਇਸ ਵਿਧਾ ਨੂੰ ਕਾਫੀ ਉਤਸ਼ਾਹਿਤ ਕੀਤਾ ਹੈ। ਹੁਣ ਇਸ ਉਪਰ ਸੁਰਜੀਤ ਸਿੰਘ ਦਿਹੜ ਨੇ ਹੱਥ ਜਮਾਈ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਾਇਕੂ ਬਾਰੇ ਤੇਜਾ ਸਿੰਘ ਤਿਲਕ ਨੇ ਵੀ ਆਪਣੇ ਵਿਚਾਰਾਂ ਦੇ ਨਾਲ ਵਿਸਥਾਰਪੂਰਵਕ ਜਾਣਕਾਰੀ ਮੁਹਈਆ ਕਰਵਾਈ ਹੈ। ਧੁਨੀ-ਖੰਡ ਵਿੱਚ ਲਿਖੀ ਸਭ ਤੋਂ ਛੋਟੇ ਰੂਪ ਦੀ ਕਵਿਤਾ ਭਾਵੇਂ ਅਤੁਕਾਂਤ ਹੁੰਦੀ ਹੈ ਪਰ ਉਸ ਵਿੱਚ ਸੁਰ, ਲੈਅ, ਤਾਲ, ਰਿਦਮ ਆਦਿ ਵੀ ਬਹੁਤ ਜਰੂਰੀ ਹੈ।

ਹਾਇਕੂ ਦੇ ਵਿਧਾਨ ਅਨੁਸਾਰ ਇਸ ਵਿੱਚ 5+7+5 (17) ਅੱਖਰ ਹੀ ਲਏ ਜਾਂਦੇ ਹਨ ਜਿਨਾਂ ਨਾਲ ਲੈਅ, ਤਾਲ, ਸੁਰ, ਰਿਦਮ, ਤੋਲ ਦਾ ਧਿਆਨ ਰੱਖਣਾ ਬਣਦਾ ਹੈ। ਇਸ ਪੁਸਤਕ ਵਿੱਚ ਹਰ ਵਿਸ਼ਾ, ਵੰਨਗੀ ਛੋਹੀ ਗਈ ਹੈ। ਕਿੱਧਰੇ ਰਿਸ਼ਤਿਆਂ ਦੀ ਗੱਲ, ਜਜ਼ਬਾਤਾਂ ਦੀ ਗੱਲ, ਮਾਂ ਦੀ ਤੜਪ, ਸਮਾਜ ਵਿੱਚਲੇ ਪਿਆਰ ਮੁਹੱਬਤ ਦੇ ਰਿਸ਼ਤੇ, ਧੀਆਂ ਨੂੰ ਪਰਾਇਆ ਧਨ ਸਮਝਣਾ ਤੇ ਨਰਕ-ਸਵਰਗ ਦੀ ਗੱਲ ਕਰਨੀ ਪੁਸਤਕ ਦੀ ਮਹਤੱਤਾ ਨੂੰ ਚਾਰ ਚੰਦ ਲਾਉਂਦਾ ਹੈ।

ਇਸ ਪੁਸਤਕ ਦਾ ਨਰਿਖਣ ਕਰਦਿਆਂ ਪਤਾ ਲੱਗਿਆ ਹੈ ਕਿ 112 ਪੰਨਿਆਂ ਵਿੱਚੋਂ 98 ਪੰਨਿਆਂ ਤੇ ਹਰ ਪੰਨੇ ਤੇ ਚਾਰ ਹਾਇਕੂ ਲੈ ਕੇ ਕੁੱਲ 392 ਹਾਇਕੂ




ਸੁਰਜੀਤ ਸਿੰਘ ਦਿਹੜ ਨੇ ਸ਼ਾਮਲ ਕੀਤੇ ਹਨ ਜਿਨ੍ਹਾਂ ਨੂੰ ਪੜ੍ਹਦਿਆਂ ਇਉਂ ਮਹਿਸੂਸ ਹੁੰਦਾ ਹੈ ਕਿ ਉਹ ਪਰਪੱਕ ਲੇਖਕ ਹੋਵੇ। ਹਾਇਕੂ ਵਿੱਚ ਮਾਪਿਆਂ ਦੀ ਹਮਦਰਦੀ ਬਾਰੇ ਦਰਜ ਕਰਦਿਆਂ ਲਿਖਿਆ ਗਿਆ ਹੈ ਕਿ -

'ਮਾਪਿਆਂ ਜਿੰਨਾ<br>
ਹਮਦਰਦੀ ਕੋਈ<br>
ਹੋਰ ਨਾ ਹੁੰਦਾ।' (ਪੰਨਾ 15)

ਅੱਜ ਦੇ ਜ਼ਮਾਨੇ ਵਿੱਚ ਅਸੀਂ ਜਿਵੇਂ ਆਪਸ ਵਿੱਚ ਪਿਆਰ ਮੁਹੱਬਤ ਭੁਲਦੇ ਜਾ ਰਹੇ ਹਾਂ। ਕਿਉਂ ਕਿ ਸਾਡੀ ਜ਼ਿੰਦਗੀ ਹੀ ਇੰਨੀ ਮਸ਼ਰੂਫ਼ ਹੋ ਗਈ ਹੈ ਕਿ ਸਾਡੇ ਪਾਸ ਸਮਾਂ ਹੀ ਨਹੀਂ ਹੈ। ਇੱਥੋਂ ਤੱਕ ਕਿ ਵੱਡੇ ਵੱਡੇ ਸ਼ਹਿਰਾਂ ਵਿੱਚ ਤਾਂ ਗੁਆਂਢ ਦਾ ਗੁਆਂਢ ਤੱਕ ਕੋਈ ਮਤਲਬ ਨਹੀਂ ਹੁੰਦਾ ਅਤੇ ਉਹ ਨਹੀਂ ਜਾਣਦੇ ਕਿ ਸਾਡੇ ਗੁਆਂਢ ਵਿੱਚ ਕੌਣ ਰਹਿੰਦਾ ਹੈ ਪਰ ਇਹਨਾਂ ਸਤਰਾਂ ਵਿੱਚ ਆਂਢ ਗੁਆਂਢ ਨੂੰ ਰਲ ਮਿਲ ਕੇ ਅਤੇ ਖੁਸ਼ ਰਹਿਣ ਦੀ ਤਰਜਮਾਨੀ ਕਰਦਾ ਹੈ ਹਾਇਕੂ-

'ਗੁਆਂਢੀ ਸਾਰੇ<br>
ਰਲ ਮਿਲ ਰਹੀਏ<br>
ਖੁਸ਼ੀ ਮਾਣੀਏ।' ---22

ਇਵੇਂ ਹੀ ਪਿਆਰ ਮੁਹੱਬਤ ਸਭ ਨੂੰ ਰਾਸ ਨਹੀਂ ਆਉਂਦੀ ਜਿਸ ਦਾ ਵਰਨਣ ਕਰਦਿਆਂ ਹਾਇਕੂ ਸ਼ਾਮਲ ਕੀਤਾ ਹੈ ਕਿ -

'ਰਾਸ ਨਾ ਆਵੇ<br>
ਪਿਆਰ ਮੁਹੱਬਤ<br>
ਹਰ ਕਿਸੇ ਦੀ।'---49

ਇੱਥੇ ਪੁਸਤਕ ਜ਼ਿਕਰ ਕਰਦੀ ਹੈ ਕਿ ਜੇ ਤੁਸੀ ਵਿਦਵਾਨਾਂ ਦੀਆਂ ਗਿਆਨ ਭਰੀਆਂ ਗੱਲਾਂ ਨੂੰ ਸਮਝਣਾ ਹੈ ਤਾਂ ਤੁਹਾਨੂੰ ਕਿਤਾਬਾਂ ਪੜ੍ਹਨੀਆਂ ਪੈਣਗੀਆਂ। ਇਸ ਤਰ੍ਹਾਂ ਕਿਤਾਬਾਂ ਦੀ ਮਹੱਤਤਾ ਅਤੇ ਮਨੁੱਖ ਨੂੰ ਕਿਤਾਬਾਂ ਨਾਲ਼ ਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ-

'ਵਿਦਵਾਨਾਂ ਦੇ<br>
ਗਿਆਨ ਦੀਆਂ ਗੱਲਾਂ<br>
ਪੜ੍ਹੋ ਕਿਤਾਬਾਂ।'---67

ਸੰਸਾਰ ਵਿੱਚ ਪੈਦਾ ਹੋਏ ਮਨੁੱਖ ਨੂੰ ਬਰਾਬਰਤਾ ਦਾ ਸਥਾਨ ਦੇਣ ਦੇ ਮਕਸਦ ਨਾਲ਼ ਲੇਖਕ ਆਪਣੀ ਹਥਲੀ ਪੁਸਤਕ ਦੇ ਇੱਕ ਹਾਇਕੂ ਵਿੱਚ ਦੱਸਦਾ ਹੈ ਕਿ ਮਨੁੱਖ ਕੇਵਲ ਮਨੁੱਖ ਹੈ। ਭਾਵੇਂ ਕਿੰਨੇ ਵੀ ਧਰਮ ਹੋਣ ਸਾਡੇ ਭਾਰਤ ਦੇਸ਼ ਵਿੱਚ ਰਹਿੰਦੇ ਹਨ ਕਿਉਂ ਕਿ ਸਾਡਾ ਭਾਰਤ ਦੇਸ਼ ਧਰਮ ਨਿਰਪੱਖ ਦੇਸ਼ ਹੈ। ਹਾਇਕੂ ਦਾ ਮਲਾਹਜਾ ਕਰੋ -

'ਮੁਸਲਮਾਨ<br>
ਹਿੰਦੂ ਸਿੱਖ ਇਸਾਈ<br>
ਭਾਰਤ ਵਾਸੀ।'---91

ਇਸ ਪੁਸਤਕ ਵਿੱਚਲੇ ਹੋਰ ਹਾਇਕੂ ਵੀ ਗੌਰ ਤਲਬ ਹਨ ਜਿਹਨਾਂ ਨੂੰ ਵਾਚਣਾ ਬਣਦਾ ਹੈ। ਹੇਠ ਲਿਖੇ ਕੁਝ ਹਾਇਕੂ ਪਾਠਕਾਂ ਦੀ ਨਜ਼ਰ ਕਰਦਾ ਹਾਂ -

'ਹੱਕ ਕਿਸੇ ਦਾ<br>
ਬੇਈਮਾਨ ਕਮੀਨੇ<br>
ਖੋਹ ਲੈਂਦੇ ਨੇ।' ---88

'ਚਾਰ ਦਿਸ਼ਾਵਾਂ<br>
ਤਿੰਨ-ਤਿੰਨ ਅੱਖਰ<br>
ਲਿਖ ਕੇ ਦੇਖੋ।' ---70

ਇਸ ਤਰ੍ਹਾਂ ਸੁਰਜੀਤ ਸਿੰਘ ਦਿਹੜ ਨੇ 'ਕੁੱਝ ਸ਼ਬਦ ਮੇਰੇ ਵੱਲੋਂ' ਸਿਰਲੇਖ ਅਧੀਨ ਆਪਣੇ ਵਿਚਾਰ ਪੇਸ਼ ਕਰਦਿਆਂ ਹਾਇਕੂ ਦੀ ਪਹਿਲੀ ਕ੍ਰਿਤ ਸਿਰਜਣ ਦਾ ਹੀਆ ਕੀਤਾ ਹੈ। ਉਸ ਤੋਂ ਹੋਰ ਅਗੇ ਵੱਧਣ ਦੀਆਂ ਬਹੁਤ ਉਮੀਦਾਂ ਹਨ।



**ਤੇਜਿੰਦਰ ਚੰਡਿਹੋਕ,**<br>
**ਸਾਬਕਾ ਏ.ਐਸ.ਪੀ, ਬਰਨਾਲਾ।**<br>
**ਸੰਪਰਕ 95010-00224**

# ਗਾਇਕਾ ਮਨਜੀਤ ਸਾਹਿਰਾ ਨੇ ਛੋਟੇ ਸਾਹਿਬਜ਼ਾਦਿਆਂ ਨੂੰ "ਸਰਹਿੰਦ ਦੀ ਦੀਵਾਰੇ" ਟਰੈਕ ਨਾਲ ਦਿੱਤੀ ਸ਼ਰਧਾਂਜਲੀ

**ਸਰੀ /ਵਿਨਕੂਵਰ (ਕੁਲਦੀਪ ਚੁੰਬਰ)-**"ਛੋਟੇ ਛੋਟੇ ਲਾਲ ਗੁਰਾਂ ਦੇ ਕਾਹਤੋਂ ਖਾ ਗਈ ਸਰਹਿੰਦ ਦੀ ਦੀਵਾਰੇ" ਇਹ ਸ਼ਬਦ ਸਿੱਖ ਇਤਿਹਾਸ ਦੇ ਪੰਨਿਆਂ ਚ ਸੁਨਹਿਰੀ ਅੱਖਰਾਂ ਦੇ ਨਾਲ ਲਿਖਿਆ ਗੁਰੂ ਸਾਹਿਬ ਦੇ ਚਾਰ ਸਾਹਿਬਜ਼ਾਦਿਆਂ ਦੇ ਨਾਮ ਉਹਨਾਂ ਦੀ ਹਿੰਮਤ ਤੇ ਮਜਬੂਤ ਇਰਾਦਿਆਂ ਨੂੰ ਦਰਸ਼ਾਉਂਦਾ ਹੈ । ਇਹ ਸ਼ਬਦ ਲਿਖਿਆ ਅਤੇ ਗਾਇਆ ਹੈ ਗਾਇਕਾ ਮਨਜੀਤ ਸਾਹਿਰਾ ਨੇ ਹੈ ਜਿਸ ਨੇ ਇਸ ਸ਼ਬਦ ਰਾਹੀਂ ਛੋਟੇ ਸਾਹਿਬਜ਼ਾਦਿਆਂ ਨੂੰ ਇਸ ਸ਼ਹਾਦਤ ਭਰਪੂਰ ਦਿਨਾਂ ਵਿੱਚ ਆਪਣੇ ਬੋਲਾਂ ਨਾਲ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਹਨ। ਇਸਨੂੰ ਕੰਪੋਜ ਕੀਤਾ ਹੈ ਅਸ਼ਵਨੀ ਦੇਵਗਨ ਨੇ ਅਤੇ ਮਿਊਜਿਕ ਕੀਤਾ ਹੈ ਸੁਖਰਾਜ ਸਾਰੰਗ ਨੇ।ਮਿਕਸ ਮਾਸਟਰ ਕੀਤਾ ਹੈ ਦੇਬੂ ਸੁਖਦੇਵ ਜੀ ਨੇ ਅਤੇ ਮੇਕਅੱਪ ਆਰਟਿਸਟ ਹੈ ਵੈਸ਼ਾਲੀ ਜੀ ਫਰੋਮ ਜ਼ੀਰਕਪੁਰ । ਭੱਟੀ ਭੜੀ ਵਾਲੇ ਦੀ ਪੇਸ਼ਕਸ਼ ਊੜਾ ਜੂੜਾ ਪ੍ਰੋਡਕਸ਼ਨ ਵਲੋਂ ਇਸ ਧਾਰਮਿਕ ਗੀਤ ਨੂੰ ਲਾਂਚ ਕੀਤਾ ਗਿਆ ਹੈ । ਜਿਸ ਨੂੰ ਵੱਖ-ਵੱਖ ਸੋਸ਼ਲ ਸਾਈਟਾਂ ਸੋਸ਼ਲ ਮੀਡੀਆ ਯੂਟੀਊਬ ਚੈਨਲ ਤੇ ਸੰਗਤ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ।




# ਹੁਸ਼ਿਆਰਪੁਰ ਇਨਕਲੇਵ ਵੈਲਫੇਅਰ ਐਸੋਸੀਏਸ਼ਨ ਨੇ ਸੰਸਦ ਮੈਂਬਰ ਨਾਲ ਕੀਤੀ ਮੁਲਾਕਾਤ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਹੁਸ਼ਿਆਰਪੁਰ ਇਨਕਲੇਵ ਵੈਲਫੇਅਰ ਐਸੋਸੀਏਸ਼ਨ ਦਾ ਵਫ਼ਦ ਇਲਾਕੇ ਦੀਆਂ ਸਮੱਸਿਆਵਾਂ ਨੂੰ ਲੈ ਕੇ ਸੰਸਦ ਮੈਂਬਰ ਡਾ: ਰਾਜਕੁਮਾਰ ਚੱਬੇਵਾਲ ਨੂੰ ਮਿਲਿਆ । ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਅਤੇ ਸਕੱਤਰ ਨਰਿੰਦਰ ਸਿੰਘ ਨੇ ਸੰਸਦ ਮੈਂਬਰ ਨੂੰ ਐਨਕਲੇਵ ਦੀਆਂ ਸੜਕਾਂ, ਸਟਰੀਟ ਲਾਈਟਾਂ ਅਤੇ ਵਾਟਰ ਸਪਲਾਈ ਵਾਲੇ ਟਿਊਬਵੈੱਲਾਂ ਸਬੰਧੀ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਵਫ਼ਦ ਨੇ ਕਿਹਾ ਕਿ ਐਨਕਲੇਵ ਦੀਆਂ ਕੁਝ ਸੜਕਾਂ ਦੀ ਤੁਰੰਤ ਮੁਰੰਮਤ ਕਰਨ ਦੀ ਲੋੜ ਹੈ, ਕੁਝ ਸਟਰੀਟ ਲਾਈਟਾਂ ਬਦਲਣ ਦੀ ਲੋੜ ਹੈ, ਕੁਝ ਟਿਊਬਵੈੱਲਾਂ ਦੀ ਖਰਾਬੀ ਕਾਰਨ ਇਲਾਕੇ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਵੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਡਾ: ਰਾਜਕੁਮਾਰ ਨੇ ਵਫ਼ਦ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਜਲਦ ਹੀ ਇਲਾਕੇ ਦਾ ਦੌਰਾ ਕਰਨ ਦਾ ਭਰੋਸਾ ਦਿੱਤਾ । ਉਨ੍ਹਾਂ ਕਿਹਾ ਕਿ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਸਬੰਧਤ ਵਿਭਾਗਾਂ ਨਾਲ ਸੰਪਰਕ ਕਰਕੇ ਜਲਦੀ ਤੋਂ ਜਲਦੀ ਸੁਧਾਰ ਦਾ ਕੰਮ ਸ਼ੁਰੂ ਕਰਨ



ਦਾ ਭਰੋਸਾ ਦਿੱਤਾ। ਵੈੱਲਫੇਅਰ ਐਸੋਸੀਏਸ਼ਨ ਨੇ ਡਾ: ਰਾਜ ਦੇ ਭਰੋਸੇ 'ਤੇ ਵਿਸ਼ਵਾਸ ਪ੍ਰਗਟਾਇਆ ਅਤੇ ਆਸ ਜਾਹਿਰ ਕੀਤੀ ਕਿ ਜਲਦੀ ਹੀ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਪ੍ਰਸੰਸਾ ਕੀਤੀ ਕਿ ਉਹ ਹਮੇਸ਼ਾ ਆਪਣੇ ਹਲਕਾ ਵਾਸੀਆਂ ਲਈ ਉਪਲਬਧ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਹਰ ਕੋਸ਼ਿਸ਼ ਕਰਦੇ ਹਨ । ਇਸ ਮੌਕੇ ਰਜਨੀਸ਼ ਕੁਮਾਰ ਗੁਲਿਆਨੀ , ਮਨੀਸ਼ ਕੁਮਾਰ , ਸੰਦੀਪ ਪਟਿਆਲ, ਸੁਰੇਸ਼ ਬਾਂਸਲ, ਹਰਭਜਨ ਸਿੰਘ, ਦਵਿੰਦਰ ਸੈਣੀ, ਸੰਜੀਵ ਗੁਪਤਾ, ਸਰਬਜੀਤ ਸਿੰਘ, ਸਵਿੰਦਰ ਜੀਤ ਸਿੰਘ, ਰਾਘਵ ਸ਼ਰਮਾ, ਗੁਰਸਾਗਰ ਸਿੰਘ, ਸੰਤੋਖ ਸਿੰਘ, ਰਾਮ ਸਿੰਘ, ਸਤਵੰਤ ਪਟਿਆਲ, ਡਾ. ਗਰੀਬਦਾਸ, ਪ੍ਰਕਾਸ਼ ਬਾਂਸਲ, ਦੀਪਕ ਕਟਨਾ, ਵਿਵੇਕ ਠਾਕੁਰ, ਵਿਜੇ ਕੁਮਾਰ ਆਦਿ ਹਾਜ਼ਰ ਸਨ।

# ਭਾਰਤੀ ਸੰਵਿਧਾਨ ਦੇ ਰਚੇਤਾ ਬਾਬਾ ਸਾਹਿਬ ਜੀ ਵਿਰੁੱਧ ਗਲਤ ਟਿੱਪਣੀਆਂ ਕਰਨ ਵਾਲੇ ਅਮਿਤ ਸ਼ਾਹ ਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ : ਬੇਗਮਪੁਰਾ ਟਾਈਗਰ ਫੋਰਸ

## ਭਾਜਪਾ ਤੇ ਆਰ ਐਸ ਐਸ ਦਾ ਫਿਰਕਾਪ੍ਰਸਤੀ ਵਾਲਾ ਚਿਹਰਾ ਪੂਰਨ ਤੌਰ ਤੇ ਹੋਇਆ ਨੰਗਾ : ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਭਾਰਤ ਦੇ ਗ੍ਰਹਿ ਮੰਤਰੀ ਅੰਮਿਤ ਸ਼ਾਹ ਵੱਲੋਂ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸੰਬੰਧ ਵਿੱਚ ਕੀਤੀਆਂ ਗਲਤ ਟਿੱਪਣੀਆਂ ਸੰਵਿਧਾਨ ਅਤੇ ਦੇਸ਼ ਲਈ ਖਤਰਨਾਕ ਹਨ ! ਇਹਨਾਂ ਗੱਲਾਂ ਦਾ ਪ੍ਰਗਟਾਵਾ "ਬੇਗਮ-ਪੁਰਾ ਟਾਈਗਰ ਫੋਰਸ "ਦੇ ਧਾਕੜ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾ ਆਰ. ਐਸ. ਐਸ. ਅਤੇ ਭਾਰਤੀ ਜਨਤਾ ਪਾਰਟੀ ਦੀ ਦੋਗਲੀ ਨੀਤੀ ਦਾ ਪਰਦਾਫਾਸ਼ ਕਰਦਿਆਂ ਕਿਹਾ ਕਿ ਇੱਕ ਪਾਸੇ ਤਾਂ ਬੀਜੇਪੀ. ਦੀ ਸਰਕਾਰ ਭਾਰਤੀ ਸੰਵਿਧਾਨ ਦੀ ਰਖਵਾਲੀ ਕਰਨ ਦਾ ਢਿੰਡੋਰਾ ਪਿੱਟ ਰਹੀ ਹੈ ਅਤੇ ਦੂਜੇ ਪਾਸੇ ਜੋ ਸੰਵਿਧਾਨ ਬਚਾਉਣ ਲਈ ਦੇਸ਼ ਪੱਧਰ ਤੇ ਸੰਘਰਸ਼ ਕਰ ਰਹੇ ਹਨ ਉਨ੍ਹਾਂ ਦਾ ਡੱਟ ਕੇ ਵਿਰੋਧ ਕਰ ਰਹੀ ਹੈ !ਉਹਨਾਂ ਕਿਹਾ ਭਾਜਪਾ ਦੇਸ਼ ਵਾਸੀਆਂ ਨੂੰ



ਗੁੰਮਰਾਹ ਕਰਕੇ ਇਹ ਕਹਿ ਰਹੀ ਹੈ ਕਿ ਬੀਜੇਪੀ. ਤੋਂ ਬਿਨਾਂ ਹੋਰ ਕੋਈ ਸੰਵਿਧਾਨ ਪ੍ਰਤੀ ਵਚਨਵੱਧ ਨਹੀਂ ਹੈ ਜਦਕਿ ਇਸ ਤਰ੍ਹਾਂ ਨਹੀਂ ਹੈ । ਉਹਨਾਂ ਕਿਹਾ ਕਿ ਆਰ. ਐਸ. ਐਸ. ਦਾ ਅੱਜ ਫਿਰਕਾ ਪ੍ਰਸਤੀ ਵਾਲਾ ਚਿਹਰਾ ਸਪੱਸਟ ਤੌਰ ਤੇ ਨੰਗਾ ਹੋ ਗਿਆ ਹੈ ਉਹਨਾਂ ਕਿਹਾ ਕਿ ਭਾਜਪਾ ਵਲੋਂ ਦੇਸ਼ ਭਰ ਦੇ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ, ਐਸਸੀ -ਪੱਛੜਿਆਂ ਵਰਗ ਅਤੇ ਧਾਰਮਿਕ ਘੱਟ ਗਿਣਤੀ ਵਰਗ ਨੂੰ ਆਪਸ ਵਿੱਚ ਲੜਾ-ਲੜਾ ਕੇ ਦੇਸ਼ ਦਾ ਵਾਤਾਵਰਨ ਫਿਰਕੂ ਰੰਗ ਨਾਲ ਰੰਗਿਆ ਜਾ ਰਿਹਾ ਹੈ ! ਉਨ੍ਹਾਂ ਕਿਹਾ ਕਿ ਭਾਜਪਾ ਵਲੋਂ ਐਸਸੀ ਸਮਾਜ ਨੂੰ ਸੰਵਿਧਾਨ ਅਨੁਸਾਰ ਮਿਲੇ ਹੱਕਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ । ਉਹਨਾਂ ਕਿਹਾ ਕਿ ਅੱਜ ਸੰਵਿਧਾਨ ਨੂੰ ਬਚਾਉਣ ਲਈ ਐਸਸੀ ਸਮਾਜ ਵੱਲੋਂ ਸੰਘਰਸ਼ ਹਰ ਭਾਰਤੀ ਦੇ ਘਰ ਦੇ ਦਰਵਾਜੇ ਤੋਂ ਸ਼ੁਰੂ ਹੋ ਕੇ ਦੇਸ਼ ਪੱਧਰ ਤੱਕ ਪਹੁੰਚ ਚੁੱਕਾ ਹੈ। ਉਹਨਾਂ ਕਿਹਾ ਕਿ ਇਨਸਾਫ ਪਸੰਦ ਦੇਸ਼ ਨਾਲ ਹਿੱਤ ਰੱਖਣ ਵਾਲੇ ਅਤੇ ਸੰਵਿਧਾਨ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਇਕੱਠੇ ਹੋ ਕੇ ਇਸ ਲੜਾਈ ਨੂੰ ਜਿੱਤ ਵੱਲ ਲਿਜਾਣ ਲਈ ਹੁਣ ਤਿਆਰ ਹੋ ਜਾਣਾ ਚਾਹੀਦਾ ਹੈ। ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਪ੍ਰਧਾਨ ਨੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਵਲੋਂ ਲਿਖੇ ਗਏ ਸੰਵਿਧਾਨ ਵਿਰੁੱਧ ਟਿੱਪਣੀਆਂ ਕਰਨ ਵਾਲੇ ਅਮਿਤ ਸ਼ਾਹ ਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ।

# ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਹੀ ਭਾਰਤ ਦੇ ਦੱਬੇ ਕੁਚਲੇ ਲੋਕਾਂ ਦੇ ਭਗਵਾਨ ਹਨ : ਭੈਣ ਸੰਤੋਸ਼ ਕੁਮਾਰੀ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਦੇਸ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ,ਨੇ ਪਿਛਲੇ ਦਿਨੀ ਰਾਜ ਸਭਾ ਵਿੱਚ 'ਇੱਕ ਦੇਸ਼-ਇੱਕ ਚੋਣ' ਬਿੱਲ ਤੇ ਬੋਲਦਿਆਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ,ਪ੍ਰਤੀ ਅਪਮਾਨ ਜਨਕ ਸਬਦਾਬਲੀ ਬੋਲਕੇ ਐਸਸੀ ਸਮਾਜ ਅਤੇ ਬਾਬਾ ਸਾਹਿਬ ਦੇ ਪੈਰੋਕਾਰਾਂ ਦਾ ਅਪਮਾਨ ਕੀਤਾ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ "ਨਾਰੀ ਸ਼ਕਤੀ ਫਾਉਡੇਸ਼ਨ ਭਾਰਤ"ਦੀ ਪ੍ਰਧਾਨ ਭੈਣ ਸੰਤੋਸ਼ ਕੁਮਾਰੀ ਨੇ ਪੱਤਰਕਾਰਾਂ ਨਾਲ ਇੱਕ ਵਾਰਤਾ ਦੌਰਾਨ ਕੀਤਾ। ਉਹਨਾਂ ਕਿਹਾ ਕਿ ਬਾਬਾ ਸਾਹਿਬ ਦੇ ਪੈਰੋਕਾਰਾਂ ਦੁਆਰਾ ਬਾਬਾ ਸਾਹਿਬ ਦਾ ਨਾਮ ਲੈਣ ਤੇ ਅਮਿਤ ਸ਼ਾਹ ਨੂੰ ਬਹੁਤ ਚਿੜ੍ਹ ਲੱਗਦੀ ਹੈ ! ਉਹਨਾਂ ਕਿਹਾ ਕਿ ਅਮਿਤ ਸ਼ਾਹ ਜੇ ਅੱਜ ਗ੍ਰਹਿ ਮੰਤਰੀ ਦੀ ਕੁਰਸੀ ਤੇ ਬੈਠਾ ਹੈ ਤੇ ਉਹ ਵੀ ਬਾਬਾ



ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਦੁਆਰਾ ਲਿਖੇ ਗਏ ਸੰਵਿਧਾਨ ਦੀ ਬਦੋਲਤ ਹੀ ਬੈਠਾ ਹੈ ਉਹਨਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਆਪਣੇ ਮੰਤਰੀ ਮੰਡਲ ਚੋਂ ਤੁਰੰਤ ਬਰਖਾਸਿਤ ਕਰ ਦੇਣਾ ਚਾਹੀਦਾ ਹੈ ! ਉਹਨਾਂ ਕਿਹਾ ਕਿ ਭਾਰਤ ਦੇ ਗ੍ਰਹਿ ਮੰਤਰਾਲੇ ਦੀ ਕੁਰਸੀ ਤੇ ਬੈਠ ਕੇ ਅਮਿਤ ਸ਼ਾਹ ਨੂੰ ਇਹੋ ਜਿਹੇ ਅਪਮਾਨ ਜਨਕ ਬੇਤੁੱਕੇ ਬਿਆਨ ਦੇਣਾ ਸ਼ੋਭਾ ਨਹੀਂ ਦਿੰਦੇ ! ਉਹਨਾਂ ਕਿਹਾ ਕਿ ਇੱਥੇ ਅਮਿਤ ਸ਼ਾਹ ਦੀ ਬਹੁਤ ਹੀ ਘਟੀਆ ਮਾਨਸਿਕਤਾ ਉਜਾਗਰ ਹੁੰਦੀ ਹੈ ! ਉਹਨਾਂ ਕਿਹਾ ਕਿ ਅਮਿਤ ਸ਼ਾਹ ਬਾਬਾ ਸਾਹਿਬ ਪ੍ਰਤੀ ਆਪਣੇ ਦਿੱਤੇ ਬਿਆਨ ਤੇ ਪੂਰੇ ਭਾਰਤ ਵਾਸੀਆ ਤੋ ਤੁਰੰਤ ਮਾਫੀ ਮੰਗੇ ਨਹੀਂ ਤਾਂ ਐਸਸੀ ਸਮਾਜ ਪੂਰੇ ਦੇਸ਼ ਵਿੱਚ ਅਮਿਤ ਸ਼ਾਹ ਦਾ ਡੱਟ ਕੇ ਵਿਰੋਧ ਕਰੇਗਾ ! ਉਹਨਾਂ ਕਿਹਾ ਕਿ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਹੀ ਭਾਰਤ ਦੇ ਦੱਬੇ ਕੁਚਲੇ ਲੋਕਾਂ ਦੇ ਭਗਵਾਨ ਹਨ ਅਤੇ ਹੈ ਕਿਉਂਕਿ ਬਾਬਾ ਸਾਹਿਬ ਨੇ ਭਾਰਤ ਦੇਸ਼ ਵਿਚ ਐਸਸੀ ਸਮਾਜ ਜੋ ਕਿ ਆਪਣਾ ਜੀਵਨ ਨਰਕ ਭਰਿਆ ਬਤੀਤ ਕਰ ਰਿਹਾ ਸੀ ਉਹਨਾਂ ਨੂੰ ਮਾਨ ਸਨਮਾਨ ਦਿਵਾਉਣ ਲਈ ਸੰਘਰਸ਼ ਕੀਤਾ ਅਤੇ ਭਾਰਤ ਦੇ ਸਵਿਧਾਨ ਵਿੱਚ ਉਨ੍ਹਾਂ ਨੂੰ ਬਰਾਬਰਤਾ ਦੇ ਹੱਕ ਲੈ ਕੇ ਦਿੱਤੇ ਅੱਜ ਭਾਰਤ ਦੇਸ਼ ਦੇ ਦੱਬੇ ਕੁਚਲੇ ਲੋਕ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੂੰ ਗਰਭ ਦੇ ਨਾਲ ਆਪਣਾ ਮਸੀਹਾ ਮੰਨਦੇ ਹਨ !

for more news visit:
www.samajweekly.com

## ਅੱਗਾ ਦੌੜ ਤੇ ਪਿੱਛਾ ਚੌੜ

ਜਿਸ ਨੇ ਇੱਕ ਨਾ ਇੱਕ ਦਿਨ ਆਵਣਾ ਏ ,
ਓਸ ਮੌਤ ਦੇ ਕੋ.ਲੋਂ ਨਾ ਕਦੇ ਡਰੀਏ ।
ਇੱਕ ਵਾਰੀ ਤਾਂ ਮੌਤ ਵੀ ਰਾਹ ਛੱਡਦੀ ,
ਸੀਸ ਲਾਹ ਕੇ ਤ.ਲੀ 'ਤੇ ਜਦੋਂ ਧਰੀਏ ।
ਬੇਵ.ਫਾ ਦਾ ਦਾ.ਗ ਨਾ ਲੱਗਣ ਦੇਈਏ ,
ਸਿਰੇ ਲਾ ਦੇਈਏ ਜੀਹਦੀ ਬਾਂਹ ਫੜੀਏ ।
ਸੱਚ ਕਿਹਾ ਸਿਆਣਿਆਂ ਬੰਦਿਆਂ ਨੇ ,
ਅੱਗੀਏ ਦੌੜ ਤੇ ਪਿੱਛਾ ਨਾ ਚੌੜ



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## ਅੱਜ ਦਾ ਬੰਦਾ/ਗ਼ਜ਼ਲ

ਸਿੱਧੇ ਕੰਮ ਜੇਕਰ ਕਰਦਾ ਅੱਜ ਦਾ ਬੰਦਾ,
ਪੀਣਾ ਨਾ ਪੈਂਦਾ ਉਸ ਨੂੰ ਪਾਣੀ ਗੰਦਾ।
ਉਹ ਮੂੰਹੋਂ ਮਿੱਠੇ ਬੋਲ ਨਹੀਂ ਕੱਢ ਸਕਦਾ,
ਜਿਸ ਨੇ ਲਾਇਆ ਬੁੱਲ੍ਹਾਂ ਨੂੰ ਚੁੱਪ ਦਾ ਜੰਦਾ।
ਉਹ ਨੇਤਾ ਖ਼ੁਦ ਨੂੰ ਸਫਲ ਨੇਤਾ ਨਾ ਮੰਨੇ,
ਜਦ ਤੱਕ ਉਹ ਬੋਲੇ ਨਾ ਹੋਰਾਂ ਨੂੰ ਮੰਦਾ।
ਵਿਹਲੇ ਬਹਿ ਕੇ ਕਦ ਰੋਟੀ ਮਿਲਦੀ ਇੱਥੇ,
ਰੋਟੀ ਲਈ ਕੋਈ ਕਰਨਾ ਪੈਂਦਾ ਧੰਦਾ।
ਉਹ ਸਭ ਦੇ ਮਨ ਤੋਂ ਉੱਤਰ ਜਾਵੇ ਯਾਰੋ,
ਜੋ ਸਦਾ ਤਿਆਰ ਰਹੇ ਕਰਨ ਲਈ ਕੰਮ ਮੰਦਾ।
ਆਪਣੇ ਤੇ ਬੇਗਾਨੇ ਪਰਖੇ ਜਾਣ ਉਦੋਂ,
ਜਦ ਤਨ ਉੱਤੇ ਲੱਗੇ ਦੁੱਖਾਂ ਦਾ ਰੰਦਾ।
ਆਵਾਜਾਈ ਬਹੁਤ ਵਧੀ ਹੈ ਸੜਕਾਂ ਤੇ,
ਆ,ਜਾ ਨ੍ਹੀ ਸਕਦਾ ਕਿਸੇ ਪਾਸੇ ਵੀ ਬੰਦਾ।



**ਮਹਿੰਦਰ ਸਿੰਘ ਮਾਨ**
ਫੋਨ 9915803554

## ਸਾਹਾਂ ਦੀ ਚੱਕੀ

ਜੀ, ਰਹਿੰਦੀ ਹੈ ਜ਼ਿੰਦਗੀ ਵੀ ਇਕਸਾਰ ਕਿੱਥੇ!
ਇਹ ਸਾਹਾਂ ਦੀ ਚੱਕੀ ਦਾ ਇਤਬਾਰ ਕਿੱਥੇ...
ਜੋ ਕੋਠੇ ਤੋਂ ਘੁੱਗੀਆਂ ਉਡਾਉਂਦਾ ਸੀ ਬਚਪਨ,
ਉਹ ਪਹਿਲੇ ਕਦਮ ਦਾ ਭਰੋਸਾ ਤੇ ਕੰਪਨ।
ਸੀ ਨਿੱਕੀ ਹਥੇ.ਲੀ 'ਚ ਚਿੜੀਆਂ ਦਾ ਆਟਾ,
ਜਾਂ ਮਿੱਠੀ ਗਨੇਰੀ ਜਾਂ ਚੂਰੀ ਦਾ ਬਾਟਾ।
ਸੀ ਸੱਚੀਆਂ ਪ੍ਰੀਤਾਂ ਤੇ ਸੁੱਚੀਆਂ ਸੀ ਝੰਡਾਂ,
ਨਾ ਪਈਆਂ ਸੀ ਹਾਲੇ ਸਿਰਾਂ ਵਿੱਚ ਵੰਡਾਂ।
ਉਹ ਰੂੰ ਦੇ ਗ.ਲੋਟੇ ਦਾ ਨਿੱਕਾ ਵਿਛਾਉਣਾ,
ਤੇ ਅੰਮੀ ਦੇ ਕੰਗਣ ਦਾ ਪਹਿਲਾ ਖਿਡੌਣਾ।
ਸੀ ਇੱਕ ਚੰਨ ਮਾਮਾ ਤੇ ਸੁਫਨਾ ਪਰੀ ਦਾ,
ਉਹ ਪਹਿਲਾ ਸਗਨ ਪਹਿਲੀ ਦੰਦੀ ਧਰੀ ਦਾ।
ਉਹ ਭੁੱਲਦਾ ਏ ਮੌਜਾਂ ਦਾ ਸੰਸਾਰ ਕਿੱਥੇ!
ਇਹ ਸਾਹਾਂ ਦੀ ਚੱਕੀ ਦਾ ਇਤਬਾਰ ਕਿੱਥੇ...
ਜਵਾਨੀ 'ਚ ਜੋਬਨ ਸੀ ਆਇਆ ਬਥੇਰਾ,
ਤੇ ਮਨ-ਮੌਜੀ ਚੱਕਰਾਂ 'ਚ ਪਾਇਆ ਬਥੇਰਾ।
ਭੁਲੇਖੇ ਨੇ ਹਉਮੈਂ ਦੀ ਬੇੜੀ ਬਿਠਾਇਆ,
ਸੁਫਨਿਆਂ ਦੀ ਬਸਤੀ ਦਾ ਗੇੜਾ ਲਵਾਇਆ।
ਤੇ ਅੱਖਾਂ ਨੂੰ ਜਚ ਗਏ ਸੁਨਹਿਰੀ, ਗੁਲਾਬੀ,
ਸੀ ਹੱਥਾਂ 'ਚ ਜੀਕਣ ਸਫਲਤਾ ਦੀ ਚਾਬੀ।
ਕਈ ਮੂਰਤਾਂ ਦਿਲ ਨੇ ਘੜੀਆਂ, ਬਣਾਈਆਂ,
ਨਾ ਸੱਭੇ ਮੁਕੱਦਰ ਦੇ ਹਿੱਸੇ 'ਚ ਆਈਆਂ।
ਸੀ ਚਮਕਾਂ ਤੇ ਦਮਕਾਂ 'ਚ ਵੇ.ਲਾ ਗੁਆਇਆ,
ਅਖ਼ੀਰੀ ਜਸ਼ਨ 'ਤੇ ਕਵੇ.ਲਾ ਹੰਢਾਇਆ।
ਉਹ ਹਾਸੇ, ਉਮੰਗਾਂ ਦਾ ਸ਼ਿੰਗਾਰ ਕਿੱਥੇ!
ਇਹ ਸਾਹਾਂ ਦੀ ਚੱਕੀ ਦਾ ਇਤਬਾਰ ਕਿੱਥੇ...
ਅਖ਼ੀਰੀ ਸੀ ਦਸਤਕ ਬੁਢਾਪੇ ਨੇ ਦਿੱਤੀ,
ਸੀ ਆਵਾਜ਼ ਆਪੇ ਨੇ ਆਪੇ ਨੂੰ ਦਿੱਤੀ।
ਜਾਂ ਸਿਰ ਦੀ ਸਫ਼ੈਦੀ ਨੇ ਮੋਢੇ ਹਲੂਣੇ,
ਤੇ ਹੱਡੀਆਂ ਨੂੰ ਪੀੜਾਂ ਦੇ ਸੰਤਾਪ ਦੂਣੇ।
ਸੀ ਨੈਣਾਂ ਦਾ ਪ੍ਰਕਾਸ਼ ਸਫ਼ਰਾਂ ਨੂੰ ਤੁਰਿਆ,
ਮਲਕੜੇ ਹੀ ਚਾਨਣ ਹਨੇਰੇ 'ਚ ਖੁਰਿਆ।
ਇਹਨੇ ਛਾਤੀ ਪਿੱਟਣੀ ਇਹਨੇ ਵਾ.ਲ ਖੋਹਣੇ,
ਇਹ ਰੋਂਦਾ ਏ ਹੁਣ ਵੀ ਜਵਾਨੀ ਦੇ ਰੋਣੇ।
ਪਰਿੰਦਾ ਖ਼ਿਆਲਾਂ ਦਾ ਮਰਿਆ ਨੀ ਹਾਲੇ,
ਕਿ ਕਾਸਾ ਉਮੀਦਾਂ ਦਾ ਭਰਿਆ ਨੀ ਹਾਲੇ।
ਰਹੀ ਪੈਰਾਂ ਵਿੱਚ ਪਰ ਉਹ ਰਫ਼ਤਾਰ ਕਿੱਥੇ!
ਇਹ ਸਾਹਾਂ ਦੀ ਚੱਕੀ ਦਾ ਇਤਬਾਰ ਕਿੱਥੇ...
ਸੀ ਉੱਡਦਾ, ਗਰਜਦਾ ਤੇ ਤਰਕਾਂ ਕਰੇਂਦਾ,
ਜੋ ਆਪਣੇ ਬਰਾਬਰ ਸੀ ਬੋਲਣ ਨਾ ਦੇਂਦਾ।
ਸੀ ਮਿੱਟੀ ਦਾ ਕਿਣਕਾ ਤੇ ਮਿੱਟੀ ਸਮਾਇਆ,
ਅਤੁਲਿਆ, ਅਮਿਣਿਆ, ਨਾ ਗਿਣਤੀ 'ਚ ਆਇਆ।
ਇਹ ਕਾ.ਗਜ਼ ਦੇ ਵਾਂਗੂੰ ਹੈ ਜਾਣਾ ਜ.ਲਾਇਆ,
ਜੋ ਅਗਨੀ ਦੀ ਭੇਟਾ ਹੈ ਜਾਣਾ ਚੜ੍ਹਾਇਆ।
ਜੋ ਰਹਿਮਤ ਤੇ ਬਰਕਤ ਤੋਂ ਤਾਮੀਰ ਹੁੰਦੀ,
ਨਾ ਜ਼ਿੰਦਗੀ ਕਿਸੇ ਦੀ ਵੀ ਜਾਗੀਰ ਹੁੰਦੀ।
ਇਹ ਮਿੱਟੀ ਘੜੇ ਦੀ ਘੜੇ ਨਾਲ ਲੜਦੀ,
ਤੇ ਮੁੜ-ਮੁੜ ਘੁਮਾਰਾਂ ਦੇ ਚੱਕੇ 'ਤੇ ਚੜ੍ਹਦੀ।
ਹੈ ਗੁੰਮ ਜਾਂਦੀ ਇਸ ਦੀ ਉਹ ਗੁਫ਼ਤਾਰ ਕਿੱਥੇ!
ਇਹ ਸਾਹਾਂ ਦੀ ਚੱਕੀ ਦਾ ਇਤਬਾਰ ਕਿੱਥੇ...



**ਰਿਤੂ ਵਾਸੂਦੇਵ**

## ਗੁਰੂ ਜੀ ਦੇ ਲਾਲ

ਦਸ਼ਮੇਸ਼ ਪਿਤਾ, ਤੇਰੇ ਕੈਦ ਵਿਚ ਲਾਲ ਏ '
ਨੀਹਾਂ ਵਿਚ ਚਿਣ ਦਿੱਤੇ ਛੋਟੇ-ਛੋਟੇ ਬਾਲ ਏ ।


ਪਾਪੀ ਸੂਬਿਆ ਇਹ ਕੀ, ਕਹਿਰ ਤੂੰ ਕਮਾ ਰਿਹਾ ,
ਆਪਣੀ ਚਿਖਾ ਨੂੰ ,ਲਾਂਬੂ ਹੱਥੀਂ ਵੇ ਤੂੰ ਲਾ ਰਿਹਾ ,
ਚਲਦਾ ਰਿਹਾ ਤੂੰ ਕਿਹੜੀ ਜ਼ੁਲਮਾਂ ਦੀ ਚਾਲ ਏ ।
ਨੀਹਾਂ ਵਿਚ ਚਿਣ ਦਿੱਤੇ ਛੋਟੇ-ਛੋਟੇ ਬਾਲ ਏ ।

ਦਸ਼ਮੇਸ਼ ਪਿਤਾ ਤੇਰੇ ਜ਼ਖਮ ਅਵੱਲੇ ਨੇ ,
ਕਿੰਨੇ ਤਾਂ ਤਸੀਹੇ ਮਾਤਾ ਗੁਜਰੀ ਨੇ ਝੱਲੇ ਨੇ ,
ਵਾਰਿਆ ਸੁਹਾਗ ,ਹੁਣ ਪੋਤਿਆਂ ਦੇ ਨਾਲ ਏ ।
ਨੀਹਾਂ ਵਿਚ ਚਿਣ ਦਿੱਤੇ ਛੋਟੇ-ਛੋਟੇ ਬਾਲ ਏ ।

ਸੂਬੇ ਸਰਹੰਦ ,ਤੈਨੂੰ ਲਾਹਨਤਾਂ ਏ ਲੱਖ ਵੇ ,
ਤੇਰੇ ਜ਼ੁਲਮਾਂ ਹੀ ਤੇਰਾ ਛੱਡਣਾ ਨਾ ਕੱਖ ਵੇ ,
ਸੂਬਿਆ ਅਵਾਜ਼ਾਂ ਤੈਨੂੰ ਮਾਰੇ ਤੇਰਾ ਕਾਲ ਏ।
ਨੀਹਾਂ ਵਿਚ ਚਿਣ ਦਿੱਤੇ ਛੋਟੇ-ਛੋਟੇ ਬਾਲ ਏ ।



**ਤਰਸੇਮ ਸਹਿਗਲ**
93578-96207



# "ਸ਼ਹੀਦਾਨ-ਏ-ਵਫ਼ਾ -ਅੱਲ੍ਹਾ ਯਾਰ ਖਾਂ ਜੋਗੀ"

## ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਅਤੇ ਫ਼ਤਹਿ ਸਿੰਘ ਜੀ ਦੀ ਸ਼ਹਾਦਤ ਤੇ ਵਿਸ਼ੇਸ਼

19ਵੀਂ ਸਦੀ ਦੇ ਅਖ਼ੀਰ ਅਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਅੱਲ੍ਹਾ ਯਾਰ ਖਾਂ ਜੋਗੀ ਉੱਚ ਕੋਟੀ ਦੇ ਲਿਖਾਰੀ ਤੇ ਬੇਹੱਦ ਮਕਬੂਲ ਸ਼ਾਇਰ ਹੋਏ। ਉਹ ਉਰਦੂ, ਫਾਰਸੀ ਤੋਂ ਇਲਾਵਾ ਹਿੰਦੀ ਜ਼ੁਬਾਨ ਦੇ ਵੀ ਚੰਗੇ ਜਾਣਕਾਰ ਸਨ। ਅੱਲ੍ਹਾ ਯਾਰ ਖਾਂ ਜੋਗੀ ਦਾ ਜਨਮ 19ਵੀਂ ਸਦੀ 'ਚ ਹੋਇਆ। ਉਨ੍ਹਾਂ ਦੇ ਵੱਡ-ਵਡੇਰਿਆਂ ਦਾ ਪਿਛੋਕੜ ਦੱਖਣ ਦਾ ਸੀ, ਜੋ ਅਨਾਰਕਲੀ ਲਾਹੌਰ 'ਚ ਆ ਵਸੇ ਤੇ ਇੱਥੇ ਹੀ ਅੱਲ੍ਹਾ ਯਾਰ ਖਾਂ ਜੋਗੀ ਦਾ ਜਨਮ ਹੋਇਆ। ਉਹ ਹਕੀਮ, ਰਹਿਮਾਨੀ, ਜੋਗੀ ਤੇ ਦੱਖਣੀ ਵਰਗੇ ਕਈ ਹੋਰ ਤਖ਼ੱਲਸਾਂ ਨਾਲ ਵੀ ਲੋਕਾਂ 'ਚ ਮਸ਼ਹੂਰ ਹੋਏ। ਆਪਣੇ ਸਮੇਂ ਦੇ ਮਸ਼ਹੂਰ ਹਕੀਮ ਹੋਣ ਕਾਰਨ ਉਨ੍ਹਾਂ ਨੂੰ 'ਹਕੀਮ' ਆਖ ਕੇ ਵੀ ਬੁਲਾਇਆ ਜਾਂਦਾ ਸੀ। ਅੱਲ੍ਹਾ ਯਾਰ ਖਾਂ ਜੋਗੀ ਜਦੋਂ ਆਪਣੇ ਸੂਫ਼ੀਆਨਾ ਅੰਦਾਜ਼ 'ਚ ਕਾਵਿ-ਉਡਾਰੀ ਭਰਦੇ ਤਾਂ ਉਨ੍ਹਾਂ ਨੂੰ ਸੁਣਨ ਵਾਲਿਆਂ ਦੇ ਚਿਹਰੇ ਗਦ-ਗਦ ਤੇ ਮਨ/ਚਿੱਤ ਅਸ਼ ਅਸ਼ ਕਰ ਉੱਠਦੇ। ਉਨ੍ਹਾਂ ਵੱਲੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਬਾਰੇ ਲਿਖੀਆਂ ਦੋ ਲੰਮੀਆਂ ਨਜ਼ਮਾਂ 'ਸ਼ਹੀਦਾਨ-ਏ-ਵਫ਼ਾ ਅਤੇ 'ਗੰਜਿ-ਸ਼ਹੀਦਾਂ' ਨਾਲ ਉਹ ਸਿੱਖ ਸੰਗਤ 'ਚ ਬੇਹੱਦ ਮਕਬੂਲ ਹੋਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਦਰਦਨਾਕ ਘਟਨਾ ਤੇ ਦਿਲ ਨੂੰ ਕੰਬਾ ਦੇਣ ਵਾਲਾ ਘੋਰ ਪਾਪ ਦਾ ਸਾਕਾ ਸੀ। ਇੱਕ ਪਾਸੇ ਇਹ ਘਟਨਾ ਮਨੁੱਖੀ ਦਰਿੰਦਗੀ ਦਾ ਘਿਨਾਉਣਾ ਚਿੱਤਰ ਪੇਸ਼ ਕਰਦੀ ਹੈ, ਦੂਜੇ ਪਾਸੇ ਸਾਹਿਬਜ਼ਾਦਿਆਂ ਦੇ ਅੰਦਰ ਜੂਝ ਮਰਨ ਅਤੇ ਸਿੱਖੀ ਸਿਦਕ ਦੀ ਭਾਵਨਾ ਨਾਲ, ਜ਼ੁਲਮ ਤੇ ਤਸ਼ੱਦਦ ਵਿਰੁੱਧ, ਧਾਰਮਿਕ ਸੁਤੰਤਰਤਾ ਲਈ ਡਟ ਕੇ ਮੁਕਾਬਲਾ ਕਰਨ ਦੇ ਸਿਖਰ ਨੂੰ ਪ੍ਰਗਟ ਕਰਦੀ ਹੈ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਉਹ ਲਿਖਦੇ ਹਨ ਕਿ ਜਦੋਂ ਅਨੰਦਪੁਰ ਸਾਹਿਬ ਸਰਸਾ ਨਦੀ ਤੇ ਗੁਰੂ ਗੋਬਿੰਦ ਜੀ ਦਾ ਪਰਿਵਾਰ ਵਿਛੜ ਗਿਆ ਤਾਂ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਅਤੇ ਫਹਿਤ ਸਿੰਘ ਨੂੰ ਗੰਗੂ ਰਸੋਈਆਂ ਮੋਰਿੰਡਾ ਨੇੜੇ ਆਪਣੇ ਘਰ ਸਹੇੜੀ ਲੈ ਜਾਂਦਾ ਹੈ ।

ਦਿਨ ਭਰ ਕੀ ਦੌੜ ਧੂਪ ਸੇ ਸਬ ਕੋ ਥਕਾਨ ਥਾ ।
ਮਹਫੂਜ਼ ਹਰ ਤਰਹ ਸੇ ਬਾਜਾਹਿਰ ਮਕਾਨ ਥਾ ।
ਬਰਸੋਂ ਸੇ ਜਿਸੇ ਖਿਲਾਯਾ ਥਾ ਵੁਹ ਮੇਜ਼ਬਾਨ ਥਾ ।
ਖ਼ਤਰੇ ਕਾ ਇਸ ਵਜਹ ਨਹੀਂ ਵਹਮ-ਓ-ਗੁਮਾਨ ਥਾ
ਨੌਕਰ ਕਾ ਘਰ ਸਮਝ ਕੇ ਵੁਹ ਬੇਫ਼ਿਕਰ ਹੋ ਗਏ ।
ਲਗ ਕਰ ਗਲੇ ਸੇ ਦਾਦੀ ਕੇ ਸ਼ਹਿਜ਼ਾਦੇ ਸੋ ਗਏ ।

ਅੱਗੇ ਅੱਲ੍ਹਾ ਯਾਰ ਲਿਖਦੇ ਹਨ ਕਿ ਮਾਤਾ ਗੁਜਰੀ ਕੋਲ ਸੋਨੇ ਦਾ ਡੱਬਾ ਦੇਖਕੇ ਗੰਗੂ ਰਸੋਈਏ ਦੇ ਮਨ ਵਿੱਚ ਲਾਲਚ ਆ ਜਾਂਦਾ ਹੈ

ਮਾਤਾ ਕੇ ਸਾਥ ਡੱਬਾ ਥਾ ਇਕ ਜ਼ੇਵਰਾਤ ਕਾ ।
ਲਲਚਾ ਜਿਸੇ ਥਾ ਦੇਖ ਕੇ ਜੀ ਬਦ-ਸਿਫ਼ਾਤ ਕਾ ।
ਕਹਤੇ ਹੈਂ ਜਬ ਕਿ ਵਕਤ ਹੁਆ ਆਧੀ ਰਾਤ ਕਾ ।
ਜੀ ਮੇਂ ਕੀਯਾ ਨ ਖ਼ੌਫ਼ ਕੁਛ ਆਕਾ ਕੀ ਮਾਤ ਕਾ ।
ਮੁਹਰੋਂ ਕਾ ਬਦਰਾ ਔਰ ਵੁਹ ਡੱਬਾ ਉੜਾ ਗਯਾ ।
ਧੋਖੇ ਸੇ ਬਰਹਮਨ ਵੁਹ ਖ਼ਜ਼ਾਨਾ ਚੁਰਾ ਗਯਾ ।

ਉਹ ਲਿਖਦੇ ਹਨ ਕਿ ਸਵੇਰੇ ਜਿਵੇਂ ਹੀ ਮਾਤਾ ਗੁਜਰੀ ਜੀ ਨੂੰ ਗੰਗੂ ਰਸੋਈਏ ਦੀ ਇਸ ਕਰਤੂਤ ਦਾ ਪਤਾ ਲੱਗਦਾ ਕਿ ਉਹ ਆਖਦੇ ਹਨ



ਕਿ ਗੰਗੂ ਤੂੰ ਇਹ ਮਾਇਆ ਮੇਰੇ ਤੋਂ ਮੰਗ ਕੇ ਲੈ ਲੈਂਦਾ ਤਾਂ ਅੱਜ ਚੋਰ ਕਹਿਲਾਉਣ ਤੋਂ ਬਚ ਜਾਂਦਾ। ਅੱਲ੍ਹਾ ਯਾਰ ਆਪਣੀ ਨਜ਼ਮ ਵਿੱਚ ਲਿਖਦੇ ਹਨ ਕਿ ਗੰਗੂ ਨੂੰ ਇਹ ਗੱਲ ਚੰਗੀ ਨਹੀਂ ਲੱਗੀ ਅਤੇ ਉਸਨੇ ਉਸ ਵੇਲੇ ਦੇ ਮੋਰਿੰਡਾ ਦੇ ਥਾਣੇਦਾਰ ਨੂੰ ਖ਼ਬਰ ਦੇ ਦਿੱਤੀ

ਚੁੱਪ ਚਾਪ ਘਰ ਸੇ ਚਲ ਦੀਯਾ ਫ਼ਿਰ ਵੁਹ ਨਮਕ ਹਰਾਮ ।
ਪਹੁੰਚਾ ਵੁਹ ਇਸ ਜਗਹ ਪਿ ਮੋਰਿੰਡਾ ਥਾ ਜਿਸ ਕਾ ਨਾਮ ।
ਮੁਖ਼ਬਿਰ ਵਹਾਂ ਨਵਾਬ ਕੇ ਰਖਤੇ ਥੇ ਕੁਛ ਕਯਾਮ ।
ਖ਼ੁਫ਼ੀਆ ਕੁਛ ਉਨ ਸੇ ਕਰਨੇ ਲਗਾ ਬਦਸਯਰ ਕਲਾਮ ।
ਮਤਲਬ ਥਾ ਜਿਸ ਕਾ, ਘਰ ਮਿਰੇ ਸਤਿਗੁਰ ਕੇ ਲਾਲ ਹੈਂ ।
ਜਿਨ ਕੇ ਪਕੜਨੇ ਕੇ ਸਭੀ ਖ਼ਾਹਾਂ ਕਮਾਲ ਹੈ ।

ਅੱਲ੍ਹਾ ਯਾਰ ਅੱਗੇ ਲਿਖਦੇ ਹਨ ਕਿ ਮੋਰਿੰਡਾ ਦੇ ਥਾਣੇਦਾਰ ਨੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ ਕੈਦ ਕਰ ਕੇ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤੇ। ਦੂਜੇ ਦਿਨ ਸੂਬਾ ਸਰਹਿੰਦ ਦੇ ਸਿਪਾਹੀ ਛੋਟੇ ਸਾਹਿਬਜ਼ਾਦਿਆਂ ਨੂੰ ਲਿਜਾਣ ਵਾਸਤੇ ਆਏ ਤਾਂ ਮਾਤਾ ਗੁਜਰੀ ਬਿਲਕੁਲ ਅਡੋਲ ਰਹੇ ਅਤੇ ਆਪਣੇ ਛੋਟੇ ਪੋਤਿਆਂ ਨੂੰ ਆਖਦੀ ਹੈ ਕਿ

"ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ ।
ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ ।
ਪਿਆਰੇ ਸਰੋਂ ਪੇ ਨਨ੍ਹੀ ਸੀ ਕਲਗ਼ੀ ਸਜਾ ਤੋ ਲੂੰ ।
ਮਰਨੇ ਸੇ ਪਹਲੇ ਤੁਮ ਕੋ ਮੈਂ ਦੂਲ੍ਹਾ ਬਨਾ ਤੋ ਲੂੰ ।"
ਰੋ ਰੋ ਕੇ ਮਾਤ ਗੁਜਰੀ ਨੇ ਆਰਾਸਤਾ ਕੀਯਾ ।
ਤੀਰ-ਓ-ਕਮਾਂ ਸੇ, ਤੇਗ਼ ਸੇ ਪੈਰਾਸਤਾ ਕੀਯਾ ।

ਅੱਲ੍ਹਾ ਯਾਰ ਅੱਗੇ ਲਿਖਦੇ ਹਨ ਕਿ ਸਰਹਿੰਦ ਦੀ ਸੂਬਾ ਕਚਹਿਰੀ ਵਿੱਚ ਛੋਟੇ ਬੱਚਿਆਂ ਜ਼ੋਰਾਵਰ ਅਤੇ ਫਹਿਤ ਸਿੰਘ ਨੂੰ ਧਰਮ ਪ੍ਰੀਵਰਤਨ ਕਰਵਾਉਣ ਲਈ ਤਰ੍ਹਾਂ ਤਰ੍ਹਾਂ ਦੇ ਲਾਲਚ ਅਤੇ ਡਰਾਵੇ ਦਿੱਤੇ ਗਏ

ਨਾਜ਼ਿਮ ਕੀ ਬਾਤ ਬਾਤ ਪੇ ਰੁਕਨੇ ਲਗੀ ਜ਼ਬਾਂ ।
ਖ਼ੁਦ ਕੋ ਸੰਭਾਲ ਕਰ ਕੇ ਵੁਹ ਕਹਨੇ ਲਗਾ ਕਿ ਹਾਂ ।
ਖ਼ਾਹਾਂ ਹੋ ਮੌਤ ਕਿ ਯਾ ਤੁਮ੍ਹੇਂ ਚਾਹੀਯੇ ਅਮਾਂ ।
ਬਤਲਾਓ ਸਾਫ਼ ਸਾਫ਼ ਅਬ ਐ ਆਲੀ-ਖ਼ਾਨਦਾਂ ।
ਇਸ ਦਮ ਕਰੋ ਕਬੂਲ ਅਗਰ ਸ਼ਾਹ ਕੇ ਦੀਨ ਕੋ ।
ਫ਼ਿਰ ਆਸਮਾਂ ਬਨਾ ਦੂੰ ਤੁਮ੍ਹਾਰੀ ਜ਼ਮੀਨ ਕੋ ।

ਪਰ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਲਾਲ ਅਡੋਲ ਰਹੇ ਅਤੇ ਈਨ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਨ ਦਾ ਹੁਕਮ ਦਿੱਤਾ ਗਿਆ ਉਸ ਦੁਖਦਾਈ ਦ੍ਰਿਸ਼ ਨੂੰ ਅੱਲ੍ਹਾ ਯਾਰ ਖਾਂ ਨੇ ਇਸ ਤਰ੍ਹਾਂ ਪੇਸ਼ ਕੀਤਾ

ਦੀਵਾਰ ਕੇ ਦਬਾਓ ਸੇ ਜਬ ਹਬਸ-ਏ-ਦਮ ਹੁਆ ।
ਦੌਰਾਨ-ਏ-ਖ਼ੂਨ ਰੁਕਨੇ ਲਗਾ, ਸਾਂਸ ਕਮ ਹੁਆ ।
ਦੋਨੋਂ ਹਮ ਪਿ ਬਜ਼ਾਹਿਰ ਸਿਤਮ ਹੁਆ ।
ਬਾਤਿਨ ਮੇਂ ਪੰਥ ਪਰ ਹੈ ਖ਼ੁਦਾ ਕਾ ਕਰਮ ਹੁਆ ।
ਸਦ ਸਾਲ ਔਰ ਜੀ ਕੇ ਭੀ ਮਰਨਾ ਜ਼ਰੂਰ ਥਾ ।
ਸਰ ਕੌਮ ਸੇ ਬਚਾਨਾ ਯਿਹ ਗ਼ੈਰਤ ਸੇ ਦੂਰ ਥਾ ।

ਮਾਤਾ ਗੁਜਰੀ ਦੇ ਇਹ ਪੋਤੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਲਾਲ ਸ਼ਹੀਦ ਹੋਣ ਤੱਕ ਅਡੋਲ ਰਹੇ ਅਤੇ ਦੁਨੀਆਂ ਦਾ ਇੱਕ ਬਹੁਤ ਹੀ ਵੱਡਾ ਇਤਿਹਾਸ ਸਿਰਜ ਗਏ

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ ।
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ ।
ਗੁਰਿਆਈ ਕਾ ਹੈਂ ਕਿੱਸਾ ਜਹਾਂ ਮੇਂ ਬਨਾ ਚਲੇ ।
ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ ਲਗਾ ਚਲੇ ।
ਗੱਦੀ ਸੇ ਤਾਜ ਓ ਤਖ਼ਤ ਬਸ ਅਬ ਕੌਮ ਪਾਏਗੀ ।
ਦੁਨੀਯਾ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ

ਅੱਲ੍ਹਾ ਯਾਰ ਖਾਂ ਅੱਗੇ ਆਪਣੇ ਮਰਸੀਆ ਵਿੱਚ ਲਿਖਦੇ ਹਨ

ਠੋਡੀ ਤਕ ਈਂਟੇਂ ਚੁਨ ਦੀ ਗਈਂ ਮੂੰਹ ਤਕ ਆ ਗਈਂ
ਬੀਨੀ ਕੋ ਢਾਂਪਤੇ ਹੀ ਵੁਹ ਆਂਖੋਂ ਪਿ ਛਾ ਗਈਂ ।
ਹਰ ਚਾਂਦ ਸੀ ਜਬੀਨ ਕੋ ਘਨ ਸਾ ਲਗਾ ਗਈਂ ।
ਲਖ਼ਤ-ਏ- ਜ਼ਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈਂ ।
ਜੋਗੀ ਜੀ ਇਸ ਕੇ ਬਾਦ ਹੁਈ ਥੋੜੀ ਦੇਰ ਥੀ ।
ਬਸਤੀ ਸਰਹਿੰਦ ਸ਼ਹਰ ਕੀ ਈਂਟੋਂ ਕਾ ਢੇਰ ਥੀ ।



ਕੁਲਦੀਪ ਸਿੰਘ ਸਾਹਿਲ
9417990040

# 'ਨੋ ਫੇਲ ਪਾਲਿਸੀ' ਦਾ ਖਤਮ ਹੋਣਾ: ਸਿੱਖਿਆ ਪ੍ਰਣਾਲੀ ਵਿੱਚ ਨਵਾਂ ਕਦਮ

ਸਿੱਖਿਆ ਮੰਤਰਾਲੇ ਦਾ 5ਵੀਂ ਅਤੇ 8ਵੀਂ ਜਮਾਤ ਦੇ ਵਿਦਿਆਰਥੀਆਂ ਲਈ 'ਨੋ ਫੇਲ ਪਾਲਿਸੀ' ਨੂੰ ਖਤਮ ਕਰਨਾ ਇੱਕ ਮਹੱਤਵਪੂਰਨ ਫੈਸਲਾ ਹੈ। ਜੇਕਰ ਵਿਦਿਆਰਥੀ ਪ੍ਰੀਖਿਆਵਾਂ ਵਿੱਚ ਨਿਰਧਾਰਿਤ ਮਾਪਦੰਡਾਂ ' ਤੇ ਖਰੇ ਨਹੀਂ ਉਤਰਦੇ ਤਾਂ ਇਸ ਪਾਲਿਸੀ ਦੇ ਖਤਮ ਹੋਣ ਨਾਲ ਵਿਦਿਆਰਥੀਆਂ ਨੂੰ ਫੇਲ ਕਰਾਰ ਦਿੱਤਾ ਜਾ ਸਕੇਗਾ । ਇਹ ਫੈਸਲਾ ਸਿੱਖਿਆ ਪ੍ਰਣਾਲੀ ਨੂੰ ਸਧਾਰਨ ਅਤੇ ਵਿਦਿਆਰਥੀਆਂ ਦੇ ਆਰਥਿਕ, ਮਾਨਸਿਕ ਅਤੇ ਸਮਾਜਿਕ ਵਿਕਾਸ ਲਈ ਇਕ ਨਵਾਂ ਪੰਨਾ ਖੋਲ੍ਹ ਸਕਦਾ ਹੈ।

'ਨੋ ਫੇਲ ਪਾਲਿਸੀ' ਨੂੰ 2009 ਦੇ ਰਾਈਟ ਟੂ ਐਜੂਕੇਸ਼ਨ ਐਕਟ (ਠਓ) ਦੇ ਤਹਿਤ ਲਾਗੂ ਕੀਤਾ ਗਿਆ ਸੀ। ਇਸ ਦੇ ਤਹਿਤ, ਕਲਾਸ 1 ਤੋਂ 8 ਤੱਕ ਦੇ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਪ੍ਰੀਖਿਆ ਦੇ ਫੇਲ ਕਰਾਰ ਦਿੱਤੇ ਅਗਲੀ ਜਮਾਤ ਵਿੱਚ ਪਾਸ ਕਰ ਦਿੱਤਾ ਜਾਂਦਾ ਸੀ। ਇਸ ਪਾਲਿਸੀ ਦਾ ਮੁੱਖ ਉਦੇਸ਼ ਸੀ ਕਿ ਬੱਚਿਆਂ ਨੂੰ ਸਕੂਲ ਛੱਡਣ ਤੋਂ ਰੋਕਿਆ ਜਾਵੇ ਅਤੇ ਉਨ੍ਹਾਂ ਵਿੱਚ ਸਿੱਖਣ ਲਈ ਹੌਸਲਾ ਵਧਾਇਆ ਜਾਵੇ। ਪਰ ਇਸ ਪਾਲਿਸੀ ਦੇ ਆਉਣ ਤੋਂ ਬਾਅਦ ਸਿੱਖਿਆ ਗੁਣਵੱਤਾ ਵਿੱਚ ਗਿਰਾਵਟ ਅਤੇ ਪ੍ਰਤੀਯੋਗਿਤਾ ਦੀ ਘਾਟ ਜਿਹੀਆਂ ਸਮੱਸਿਆਵਾਂ ਨੇ ਪੈਦਾ ਹੋਣ ਸ਼ੁਰੂ ਕਰ ਦਿੱਤਾ।

ਨੋ ਫੇਲ ਪਾਲਿਸੀ ਦੇ ਤਹਿਤ ਬੱਚੇ ਪ੍ਰੀਖਿਆ ਤੋਂ ਬਿਨਾਂ ਪਾਸ ਹੋਣ ਕਾਰਨ ਪੜ੍ਹਾਈ ਪ੍ਰਤੀ ਗੰਭੀਰਤਾ ਨਹੀਂ ਦਿਖਾ ਰਹੇ ਸਨ। ਇਸ ਕਾਰਨ ਉੱਚ ਜਮਾਤਾਂ ਵਿੱਚ ਬੁਨਿਆਦੀ ਗਿਆਨ ਦੀ ਕਮੀ ਦੇਸ਼ ਦੇ ਸਿੱਖਿਆ ਪ੍ਰਣਾਲੀ ਲਈ ਚੁਣੌਤੀ ਬਣ ਗਈ। ਬਿਨਾਂ ਫੇਲ ਦੇ ਸਿਸਟਮ ਨੇ ਵਿਦਿਆਰਥੀਆਂ ਵਿਚ ਸਿੱਖਣ ਦੀ ਮਨੋਵਿਰਤੀ ਨੂੰ ਘਟਾ ਦਿੱਤਾ। ਫੇਲ ਦਾ ਡਰ ਖਤਮ ਹੋਣ ਨਾਲ ਬਹੁਤ ਸਾਰੇ ਬੱਚੇ ਅਪਣੀ ਪੜ੍ਹਾਈ 'ਤੇ ਧਿਆਨ ਕੇਂਦ੍ਰਿਤ ਨਹੀਂ ਕਰ ਰਹੇ ਸਨ।ਨੋ ਫੇਲ ਪਾਲਿਸੀ ਖਤਮ ਹੋਣ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਤੀ ਗੰਭੀਰਤਾ ਵਧੇਗੀ।ਵਿਦਿਆਰਥੀਆਂ ਨੂੰ ਸਪੱਸ਼ਟ ਹੋਵੇਗਾ ਕਿ ਅਗਲੀ ਜਮਾਤ ਵਿੱਚ ਜਾਣ ਲਈ ਪ੍ਰੀਖਿਆਵਾਂ 'ਚ ਸਫਲਤਾ ਹਾਸਲ ਕਰਨੀ ਲਾਜ਼ਮੀ ਹੈ। ਇਸ ਨਾਲ ਉਹ ਆਪਣੀ ਪੜ੍ਹਾਈ 'ਤੇ ਜ਼ਿਆਦਾ ਧਿਆਨ ਦੇਣਗੇ। ਇਸ ਦੇ ਨਾਲ ਹੀ ਅਧਿਆਪਕਾਂ ਅਤੇ ਮਾਪਿਆਂ ਦੀ ਜ਼ਿੰਮੇਵਾਰੀ ਵਧੇਗੀ।ਅਧਿਆਪਕ ਬੱਚਿਆਂ ਨੂੰ ਪੜ੍ਹਾਉਣ ਵਿੱਚ ਜ਼ਿਆਦਾ ਮਿਹਨਤ ਕਰਨਗੇ ਅਤੇ ਮਾਪੇ ਵੀ ਬੱਚਿਆਂ ਦੇ ਸਿੱਖਣ ਵਿੱਚ ਦਿਲਚਸਪੀ ਲੈਣਗੇ।ਸਿਰਫ ਫੇਲ ਕਰਨ ਦਾ ਸਿਸਟਮ ਹੀ ਕਾਫ਼ੀ ਨਹੀਂ, ਸਿੱਖਿਆ ਗੁਣਵੱਤਾ ਅਤੇ ਵਿਦਿਆਰਥੀਆਂ ਦੀ ਸਿੱਖਣ ਦੀ ਸਹੂਲਤਾਂ ਵਿੱਚ ਸੁਧਾਰ ਲਿਆਉਣਾ ਵੀ ਬਹੁਤ ਜ਼ਰੂਰੀ ਹੈ। ਉਹ ਬੱਚੇ ਜੋ ਫੇਲ ਹੁੰਦੇ ਹਨ, ਉਨ੍ਹਾਂ ਲਈ ਵਿਸ਼ੇਸ਼ ਕਲਾਸਾਂ ਦੀ ਲੋੜ ਹੋਵੇਗੀ ਤਾਂ ਜੋ ਉਹ ਅਗਲੇ ਸਾਲ ਬਿਹਤਰ ਤਰੀਕੇ ਨਾਲ ਤਿਆਰੀ ਕਰ ਸਕਣ।ਨੋ ਫੇਲ ਪਾਲਿਸੀ ਦਾ ਖਤਮ ਹੋਣਾ ਸਿੱਖਿਆ ਪ੍ਰਣਾਲੀ ਵਿੱਚ ਇੱਕ ਮਹੱਤਵਪੂਰਨ ਬਦਲਾਅ ਹੈ। ਇਸ ਨਾਲ ਵਿਦਿਆਰਥੀਆਂ ਵਿਚ ਪ੍ਰਤੀਯੋਗੀ ਭਾਵਨਾ ਅਤੇ ਪੜ੍ਹਾਈ ਪ੍ਰਤੀ ਗੰਭੀਰਤਾ ਆਵੇਗੀ। ਪਰ ਇਸ ਨੂੰ ਸਫਲ ਬਣਾਉਣ ਲਈ ਸਿੱਖਿਆ ਪ੍ਰਣਾਲੀ ਵਿੱਚ ਕੁਝ ਹੋਰ ਬਦਲਾਵਾਂ ਅਤੇ ਬੱਚਿਆਂ ਲਈ ਸਹਾਇਕ ਪ੍ਰਣਾਲੀਆਂ ਦੀ ਜਰੂਰਤ ਹੈ। ਇਹ ਕਦਮ ਦੇਸ਼ ਦੇ ਸਿੱਖਿਆ ਪੱਧਰ ਨੂੰ ਉੱਚਾਈਆਂ ਤੱਕ ਪਹੁੰਚਾ ਸਕਦਾ ਹੈ।



**ਹਰਪ੍ਰੀਤ ਸਿੰਘ ਬਰਾੜ**
**ਮੇਨ ਏਅਰ ਫੋਰਸ ਰੋਡ,ਬਠਿੰਡਾ।**

# ਆਓ ! ਅਚਾਨਕ ਮਿਲੀ ਖੁਸ਼ੀ ਨੂੰ ਫੜ ਕੇ ਰੱਖੀਏ

ਇੱਕ ਅਜਿਹੀ ਦੁਨੀਆਂ ਵਿੱਚ ਜੋ ਅਕਸਰ ਤਣਾਅ ਅਤੇ ਅਨਿਸ਼ਚਿਤਤਾ ਦਾ ਦਬਦਬਾ ਮਹਿਸੂਸ ਕਰਦੀ ਹੈ, ਉਸ ਵਿੱਚ ਅਸੀਂ ਅਚਾਨਕ ਮਿਲੀ ਖੁਸ਼ੀ ਦੇ ਪਲ ਦੁਰਲੱਭ ਖਜ਼ਾਨੇ ਵਾਂਗ ਮਹਿਸੂਸ ਕਰ ਸਕਦੇ ਹਨ। ਇਹ ਪਲ-ਚਾਹੇ ਦੋਸਤਾਂ ਨਾਲ ਹਾਸੇ ਦਾ ਇੱਕ ਵਿਸਫੋਟ, ਕਿਸੇ ਅਜ਼ੀਜ਼ ਦੁਆਰਾ ਇੱਕ ਨਿੱਘੀ ਜੱਫੀ, ਜਾਂ ਇੱਥੋਂ ਤੱਕ ਕਿ ਸ਼ਾਂਤੀ ਦਾ ਇੱਕ ਸਧਾਰਨ ਸ਼ਾਂਤ ਪਲ ਵੀ - ਡੂੰਘੀ ਖੁਸ਼ੀ ਅਤੇ ਆਰਾਮ ਪ੍ਰਦਾਨ ਕਰ ਸਕਦਾ ਹੈ। ਖੁਸ਼ੀ ਦੇ ਇਹਨਾਂ ਟੁਕੜਿਆਂ ਨੂੰ ਗਲੇ ਲਗਾਉਣਾ ਅਤੇ ਫੜਨਾ ਜ਼ਰੂਰੀ ਹੈ, ਨਾ ਸਿਰਫ ਸਾਡੀ ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ਲਈ ਬਲਕਿ ਸਾਡੀ ਜ਼ਿੰਦਗੀ ਵਿੱਚ ਲਚਕੀਲੇਪਣ ਨੂੰ ਵਧਾਉਣ ਲਈ।

ਅਚਾਨਕ ਖੁਸ਼ੀ ਦਾ ਆਉਣਾ

ਅਣਕਿਆਸੀ ਖੁਸ਼ੀ ਅਕਸਰ ਸਾਨੂੰ ਚੌਕਸ ਕਰ ਦਿੰਦੀ ਹੈ, ਸਾਡੀਆਂ ਜ਼ਿੰਦਗੀਆਂ ਵਿੱਚ ਸਾਹਮਣੇ ਆਉਂਦੀ ਹੈ ਜਦੋਂ ਅਸੀਂ ਇਸਦੀ ਘੱਟੋ ਘੱਟ ਉਮੀਦ ਕਰਦੇ ਹਾਂ। ਇਹ ਦਿਆਲਤਾ ਦੇ ਛੋਟੇ ਕੰਮਾਂ, ਸੁਭਾਵਕ ਸਾਹਸ, ਜਾਂ ਧਿਆਨ ਜਾਂ ਪ੍ਰਤੀਬਿੰਬ ਦੇ ਦੌਰਾਨ ਆਪਣੇ ਆਪ ਦੇ ਅੰਦਰੋਂ ਵੀ ਪੈਦਾ ਹੋ ਸਕਦਾ ਹੈ। ਇਹ ਪਲ ਜ਼ਿੰਦਗੀ ਦੀ ਅਣਹੋਣੀ ਦੀ ਸੁੰਦਰਤਾ ਨੂੰ ਉਜਾਗਰ ਕਰਦੇ ਹਨ। ਯੋਜਨਾਬੱਧ ਰੁਝੇਵਿਆਂ ਜਾਂ ਕੰਮਾਂ ਦੇ ਉਲਟ, ਅਚਾਨਕ ਅਨੰਦ ਸੱਚਾ ਅਤੇ ਅਣਉਚਿਤ ਹੁੰਦਾ ਹੈ, ਜੋ ਅਕਸਰ ਇਸਨੂੰ ਹੋਰ ਵੀ ਸ਼ਕਤੀਸ਼ਾਲੀ ਬਣਾਉਂਦਾ ਹੈ।

ਸਾਨੂੰ ਇਹਨਾਂ ਪਲਾਂ ਨੂੰ ਫੜਨ ਦੀ ਲੋੜ ਕਿਉਂ ਹੈ

1. **ਮਾਨਸਿਕ ਸਿਹਤ ਲਾਭ**: ਖੋਜ ਦਰਸਾਉਂਦੀ ਹੈ ਕਿ ਸਕਾਰਾਤਮਕ ਤਜ਼ਰਬਿਆਂ 'ਤੇ ਧਿਆਨ ਕੇਂਦਰਤ ਕਰਨ ਨਾਲ ਤਣਾਅ, ਚਿੰਤਾ, ਅਤੇ ਉਦਾਸੀ ਨੂੰ ਘੱਟ ਕੀਤਾ ਜਾ ਸਕਦਾ ਹੈ। ਅਚਨਚੇਤ ਖੁਸ਼ੀ ਸਾਡੇ ਰੋਜ਼ਾਨਾ ਜੀਵਨ ਵਿੱਚ ਦਰਪੇਸ਼ ਚੁਣੌਤੀਆਂ ਅਤੇ ਦਬਾਅ ਦੇ ਕੁਦਰਤੀ ਇਲਾਜ ਵਜੋਂ ਕੰਮ ਕਰਦੀ ਹੈ। ਇਹਨਾਂ ਪਲਾਂ ਦੀ ਕਦਰ ਕਰਕੇ, ਅਸੀਂ ਨਕਾਰਾਤਮਕਤਾ ਦੇ ਵਿਰੁੱਧ ਇੱਕ ਬਫਰ ਬਣਾਉਂਦੇ ਹਾਂ.

2. **ਸਕਾਰਾਤਮਕ ਮਾਨਸਿਕਤਾ ਨੂੰ ਮਜ਼ਬੂਤ ਕਰਨਾ**: ਜਦੋਂ ਅਸੀਂ ਖੁਸ਼ੀ ਨੂੰ ਸਵੀਕਾਰ ਕਰਦੇ ਹਾਂ ਅਤੇ ਉਸ ਨੂੰ ਫੜੀ ਰੱਖਦੇ ਹਾਂ, ਇਹ ਸਾਡੇ ਬਿਰਤਾਂਤ ਦਾ ਹਿੱਸਾ ਬਣ ਜਾਂਦਾ ਹੈ। ਇਹ ਅਭਿਆਸ ਜੀਵਨ ਪ੍ਰਤੀ ਸਾਡੇ ਸਮੁੱਚੇ ਨਜ਼ਰੀਏ ਨੂੰ ਵਧਾਉਂਦਾ ਹੈ। ਇਹ ਸਾਨੂੰ ਸਕਾਰਾਤਮਕ ਤਜ਼ਰਬਿਆਂ ਦੀ ਭਾਲ ਕਰਨ ਅਤੇ ਰੋਜ਼ਾਨਾ ਮੌਜੂਦਗੀ ਵਿੱਚ ਸੁੰਦਰਤਾ ਨੂੰ ਪਛਾਣਨ ਲਈ ਉਤਸ਼ਾਹਿਤ ਕਰਦਾ ਹੈ, ਸਾਡੇ ਦ੍ਰਿਸ਼ਟੀਕੋਣਾਂ ਨੂੰ ਬਦਲਦਾ ਹੈ।

3. **ਲਚੀਲਾਪਨ ਬਣਾਉਣਾ**: ਜ਼ਿੰਦਗੀ ਅਸੰਭਵ ਹੈ, ਚੁਣੌਤੀਆਂ ਅਤੇ ਮੁਸੀਬਤਾਂ ਨਾਲ ਭਰੀ ਹੋਈ ਹੈ। ਖੁਸ਼ੀ ਦੇ ਪਲਾਂ 'ਤੇ ਧਿਆਨ ਕੇਂਦਰਿਤ ਕਰਨ ਨਾਲ—ਇੱਥੋਂ ਤੱਕ ਕਿ ਅਣਕਿਆਸੇ ਵੀ—ਅਸੀਂ ਲਚਕੀਲਾਪਣ ਪੈਦਾ ਕਰਦੇ ਹਾਂ। ਇਹ ਲਚਕੀਲਾਪਣ ਸਾਨੂੰ ਮੁਸ਼ਕਲ ਸਮਿਆਂ ਦੌਰਾਨ ਤੇਜ਼ੀ ਨਾਲ ਵਾਪਸ ਉਛਾਲਣ ਦੀ ਇਜਾਜ਼ਤ ਦਿੰਦਾ ਹੈ, ਸਾਡੀਆਂ ਅਨੰਦਮਈ ਯਾਦਾਂ ਤੋਂ ਤਾਕਤ ਖਿੱਚਦਾ ਹੈ।

4. **ਦੂਜਿਆਂ ਨਾਲ ਸਬੰਧ**: ਖੁਸ਼ੀ ਦੇ ਪਲਾਂ ਵਿੱਚ ਅਕਸਰ ਰਿਸ਼ਤੇ ਸ਼ਾਮਲ ਹੁੰਦੇ ਹਨ। ਜਦੋਂ ਅਸੀਂ ਦੂਜਿਆਂ ਨਾਲ ਖੁਸ਼ੀ ਦਾ ਅਨੁਭਵ ਕਰਦੇ ਹਾਂ, ਤਾਂ ਅਸੀਂ ਆਪਣੇ ਸਬੰਧਾਂ ਨੂੰ ਡੂੰਘਾ ਕਰਦੇ ਹਾਂ। ਇਹਨਾਂ ਸਾਂਝੀਆਂ ਉਦਾਹਰਨਾਂ ਨੂੰ ਫੜੀ ਰੱਖਣਾ ਆਪਣੇ ਆਪ ਦੀ ਭਾਵਨਾ ਪੈਦਾ ਕਰਦਾ ਹੈ ਅਤੇ ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤ ਕਰਦਾ ਹੈ ਜੋ ਸਾਡਾ ਸਮਰਥਨ ਕਰਦਾ ਹੈ।

ਅਣਕਿਆਸੀ ਖੁਸ਼ੀ ਨੂੰ ਕਿਵੇਂ ਫੜੀਏ

1. **ਸੁਚੇਤਤਾ ਅਤੇ ਮੌਜੂਦਗੀ**: ਇਸ ਪਲ ਵਿੱਚ ਸੁਚੇਤ ਹੋਣਾ ਅਤੇ ਮੌਜੂਦ ਹੋਣਾ ਖੁਸ਼ੀ ਦਾ ਅਨੁਭਵ ਕਰਨ ਦੀ ਸਾਡੀ ਯੋਗਤਾ ਨੂੰ ਵਧਾ ਸਕਦਾ ਹੈ। ਮਨਮੋਹਕਤਾ ਦਾ ਸਿਮਰਨ ਸਾਨੂੰ ਸੁੰਦਰ ਛੋਟੇ ਪਲਾਂ ਨੂੰ ਹੌਲੀ ਕਰਨ ਅਤੇ ਉਹਨਾਂ ਦੀ ਕਦਰ ਕਰਨ ਵਿੱਚ ਮਦਦ ਕਰ ਸਕਦਾ ਹੈ, ਉਹਨਾਂ ਨੂੰ ਯਾਦ ਰੱਖਣਾ ਅਤੇ ਉਹਨਾਂ ਨੂੰ ਸੰਭਾਲਣਾ ਆਸਾਨ ਬਣਾਉਂਦਾ ਹੈ।

2. **ਸ਼ੁਕਰਾਨਾ ਅਭਿਆਸ**: ਸ਼ੁਕਰਗੁਜ਼ਾਰੀ ਦਾ ਰੁਟੀਨ ਪੈਦਾ ਕਰਨਾ ਅਚਾਨਕ ਖੁਸ਼ੀ ਦੇ ਪਲਾਂ ਨੂੰ ਵਧਾ ਸਕਦਾ ਹੈ। ਇੱਕ ਸ਼ੁਕਰਗੁਜ਼ਾਰੀ ਜਰਨਲ ਰੱਖੋ ਜਿੱਥੇ ਤੁਸੀਂ ਚੀਜ਼ਾਂ ਨੂੰ ਲਿਖਦੇ ਹੋ - ਵੱਡੀਆਂ ਅਤੇ ਛੋਟੀਆਂ - ਜੋ ਹਰ ਰੋਜ਼ ਤੁਹਾਨੂੰ ਖੁਸ਼ੀ ਦਿੰਦੀਆਂ ਹਨ। ਇਹਨਾਂ ਪਲਾਂ ਨੂੰ ਸਵੀਕਾਰ ਕਰਕੇ, ਤੁਸੀਂ ਚੁਣੌਤੀ ਭਰੇ ਸਮਿਆਂ ਦੌਰਾਨ ਮੁੜ ਵਿਚਾਰ ਕਰਨ ਲਈ ਇੱਕ ਮਾਨਸਿਕ ਪੁਰਾਲੇਖ ਬਣਾਉਂਦੇ ਹੋ।

3. **ਅਨੁਭਵ ਦਾ ਆਨੰਦ**: ਆਪਣੇ ਆਪ ਨੂੰ ਖੁਸ਼ੀ ਦੇ ਪਲਾਂ ਦਾ ਅਸਲ ਵਿੱਚ ਆਨੰਦ ਲੈਣ ਦਿਓ ਜਿਵੇਂ ਉਹ ਵਾਪਰਦੇ ਹਨ। ਆਪਣੇ ਮਨਪਸੰਦ ਭੋਜਨ, ਦੋਸਤਾਂ ਨਾਲ ਸਾਂਝੇ ਕੀਤੇ ਹਾਸੇ, ਜਾਂ ਤੁਹਾਡੀ ਚਮੜੀ 'ਤੇ ਸੂਰਜ ਦੀ ਨਿੱਘ ਦਾ ਸੁਆਦ ਲਓ। ਇਹਨਾਂ ਅਨੁਭਵਾਂ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋਣਾ ਉਹਨਾਂ ਦੇ ਪ੍ਰਭਾਵ ਨੂੰ ਵਧਾਉਂਦਾ ਹੈ ਅਤੇ ਉਹਨਾਂ ਨੂੰ ਤੁਹਾਡੀ ਯਾਦ ਵਿੱਚ ਸ਼ਾਮਲ ਕਰਦਾ ਹੈ।

4. **ਰੀਤੀ-ਰਿਵਾਜ ਬਣਾਓ**: ਛੋਟੀਆਂ ਰਸਮਾਂ ਦੀ ਸਥਾਪਨਾ ਕਰੋ ਜੋ ਖੁਸ਼ੀ ਨੂੰ ਸੱਦਾ ਦਿੰਦੇ ਹਨ, ਜਿਵੇਂ ਕਿ ਦੋਸਤਾਂ ਨਾਲ ਹਫਤਾਵਾਰੀ ਖੇਡ ਰਾਤ ਜਾਂ ਮਾਸਿਕ ਕੁਦਰਤ ਦੀ ਸੈਰ। ਹਾਲਾਂਕਿ ਇਹਨਾਂ ਗਤੀਵਿਧੀਆਂ ਤੋਂ ਖੁਸ਼ੀ ਯੋਜਨਾਬੱਧ ਕੀਤੀ ਜਾ ਸਕਦੀ ਹੈ, ਪਰ ਉਹ ਜੋ ਖੁਸ਼ੀ ਲਿਆਉਂਦੇ ਹਨ ਉਹ ਹਰ ਵਾਰ ਆਪਣੇ ਆਪ ਮਹਿਸੂਸ ਕਰ ਸਕਦੇ ਹਨ.

5. **ਆਪਣੀ ਖੁਸ਼ੀ ਸਾਂਝੀ ਕਰੋ**: ਜਦੋਂ ਤੁਸੀਂ ਅਚਾਨਕ ਖੁਸ਼ੀ ਦਾ ਅਨੁਭਵ ਕਰਦੇ ਹੋ, ਤਾਂ ਇਸਨੂੰ ਦੂਜਿਆਂ ਨਾਲ ਸਾਂਝਾ ਕਰੋ। ਅਜਿਹਾ ਕਰਨ ਨਾਲ ਨਾ ਸਿਰਫ਼ ਤੁਹਾਡੀ ਖੁਸ਼ੀ ਵਧਦੀ ਹੈ ਸਗੋਂ ਤੁਹਾਡੇ ਆਲੇ-ਦੁਆਲੇ ਦੇ ਲੋਕਾਂ ਵਿੱਚ ਵੀ ਸਕਾਰਾਤਮਕਤਾ ਫੈਲਦੀ ਹੈ। ਸਮੂਹਿਕ ਤੌਰ 'ਤੇ ਖੁਸ਼ੀ ਦਾ ਜਸ਼ਨ ਮਨਾਉਣਾ ਅਨੁਭਵ ਨੂੰ ਵਧਾ ਸਕਦਾ ਹੈ ਅਤੇ ਇਸਨੂੰ ਹੋਰ ਵੀ ਯਾਦਗਾਰ ਬਣਾ ਸਕਦਾ ਹੈ।

**ਸਿੱਟਾ**

ਸਾਡੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ, ਸਾਡੇ ਰਾਹ ਵਿੱਚ ਆਉਣ ਵਾਲੀਆਂ ਛੋਟੀਆਂ ਖੁਸ਼ੀਆਂ ਨੂੰ ਨਜ਼ਰਅੰਦਾਜ਼ ਕਰਨਾ ਆਸਾਨ ਹੈ। ਅਚਨਚੇਤ ਖੁਸ਼ੀ 'ਤੇ ਧਿਆਨ ਕੇਂਦ੍ਰਤ ਕਰਕੇ ਅਤੇ ਉਨ੍ਹਾਂ ਨੂੰ ਫੜਨ ਦੇ ਤਰੀਕੇ ਲੱਭ ਕੇ, ਅਸੀਂ ਆਪਣੇ ਜੀਵਨ ਨੂੰ ਬੇਅੰਤ ਰੂਪ ਵਿੱਚ ਅਮੀਰ ਬਣਾਉਂਦੇ ਹਾਂ। ਖੁਸ਼ੀ ਦਾ ਹਰ ਪਲ ਜੀਵਨ ਦੀ ਸੁੰਦਰਤਾ ਦੀ ਯਾਦ ਦਿਵਾਉਂਦਾ ਹੈ - ਇੱਕ ਅਸਥਾਈ ਪਰ ਮਹੱਤਵਪੂਰਨ ਸੰਕੇਤ ਹੈ ਕਿ ਪਰਿਵਰਤਨ ਅਤੇ ਅਨੰਦ ਅਕਸਰ ਸਭ ਤੋਂ ਅਚਾਨਕ ਤਰੀਕਿਆਂ ਨਾਲ ਪੈਦਾ ਹੁੰਦਾ ਹੈ। ਇਸ ਲਈ ਅਗਲੀ ਵਾਰ ਜਦੋਂ ਤੁਸੀਂ ਆਪਣੇ ਆਪ ਨੂੰ ਖੁਸ਼ੀ ਦੀ ਲਹਿਰ ਵਿੱਚ ਉਲਝੇ ਹੋਏ ਪਾਉਂਦੇ ਹੋ, ਤਾਂ ਇਸਨੂੰ ਮਜ਼ਬੂਤੀ ਨਾਲ ਫੜੀ ਰੱਖੋ। ਇਸਨੂੰ ਤੁਹਾਡੇ ਅੰਦਰ ਗੂੰਜਣ ਦਿਓ, ਅਤੇ ਇਸਨੂੰ ਰੋਸ਼ਨੀ ਦੀ ਇੱਕ ਰੋਸ਼ਨੀ ਬਣਨ ਦਿਓ ਜੋ ਤੁਹਾਨੂੰ ਜੀਵਨ ਦੇ ਹਲਚਲ ਅਤੇ ਵਹਾਅ ਵਿੱਚ ਅਗਵਾਈ ਕਰਦਾ ਹੈ।



**ਜਸਵਿੰਦਰ ਪਾਲ ਸ਼ਰਮਾ**
**ਸਸ ਮਾਸਟਰ**
**ਸਸਸਸ ਹਾਕੂਵਾਲਾ**
**ਸ੍ਰੀ ਮੁਕਤਸਰ ਸਾਹਿਬ**
**79860-27454**


ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.
MANJEET SINGH KHANBA
Award Winner 1999, 2001 & 2005
(2 Awards) BSYA
EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13
TONICS - 1) £120
2) (NERVE TONIC) £120
ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:
ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :
ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।
ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ
EXTERNAL USE LOTION, OIL OINTMENT, LINIMENT
CAPSULES
SPECIFIC BRANDS
PILAES £19
NURALACO £19
CHILLAGA £19
ARNSTRA £19
BELINFLA £19
BELULCE £19
RAYJOIN £19
CALWOUN £19
BURCAN £19
ROUTUM £19
JOINRHU £19
ABSSIL £19
ITCSUL £19
WARTHU £19
HOMOEOPATHIC HEALTH CLINIC £10
PLEASE MAKE AN APPOINTMENT: MANJEET SINGH KHANBA
M.A. M.(LIT) BSYA (HOM.) & (A.P.) (ADV. HERBALISM) AND NUTRL.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com
ALL INFORMATION IS KEPT STRICTLY CONFIDENTIAL
OPEN 7 DAYS STRICTLY ON APPOINTMENTS

# ਹਾਸ ਵਿਅੰਗ/ਗੁਲਾਮ ਹਾਜ਼ਰ ਹੈ

ਗੁਲਾਮ ਵਿਚਾਰਾ ਇਕ ਅਜਿਹਾ ਲਾਚਾਰ, ਬੇਬਸ ਅਤੇ ਗਰੀਬ ਆਦਮੀ ਹੁੰਦਾ ਹੈ, ਉਹ ਜਿਸ ਦੇ ਅਧੀਨ ਹੁੰਦਾ ਹੈ ਉਸ ਨੂੰ ਉਸ ਦੇ ਮੁਤਾਬਿਕ ਹੀ ਕੰਮ ਕਰਨਾ ਪੈਂਦਾ ਹੈ। ਉਸ ਦੇ ਕੋਈ ਅਧਿਕਾਰ ਨਹੀਂ ਹੁੰਦੇ। ਬਸ ਕਰਤਵ ਹੀ ਕਰਤਵ ਹੁੰਦੇ ਹਨ। ਗੁਲਾਮ ਅਤੇ ਨੌਕਰ ਵਿੱਚ ਫਰਕ ਹੁੰਦਾ ਹੈ। ਨੌਕਰ ਨੂੰ ਕੰਮ ਕਰਨ ਦੇ ਬਦਲੇ ਤਨਖਾਹ ਦਿੱਤੀ ਜਾਂਦੀ ਹੈ, , ਵਾਰ ਤਿਉਹਾਰ ਤੇ ਇਨਾਮ ਦਿੱਤੇ ਜਾਂਦੇ ਹਨ, ਉਸਨੂੰ ਕੁਝ ਦਿਨ ਦੀ ਛੁੱਟੀ ਵੀ ਮਿਲ ਜਾਂਦੀ ਹੈ। ਲੇਕਿਨ ਵਿਚਾਰਾ ਗੁਲਾਮ ਇਹਨਾਂ ਸਾਰੀਆਂ ਗੱਲਾਂ ਤੋਂ ਵਾਂਝਿਆ ਹੀ ਰਹਿੰਦਾ ਹੈ। ਉਸ ਨੂੰ ਕੰਮ ਕਰਨ ਦੇ ਬਦਲੇ ਕੋਈ ਤਨਖਾਹ, ਛੁੱਟੀ ਜਾਂ ਇਨਾਮ ਨਹੀਂ ਮਿਲਦਾ। ਕਈ ਵਾਰ ਤਾਂ ਉਸ ਨੂੰ ਕੰਮ ਠੀਕ ਨਾ ਕਰਨ ਕਰਕੇ ਛਮਕਾਂ ਅਤੇ ਸੋਟੀਆਂ ਦੀ ਮਾਰ ਵੀ ਪੈਂਦੀ ਹੈ। ਗੁਲਾਮ ਕਦੇ ਵੀ ਮੁੜ ਕੇ ਆਪਣੇ ਘਰ ਵਾਲਿਆਂ ਨੂੰ ਮਿਲਣ ਵਾਸਤੇ ਨਹੀਂ ਜਾ ਸਕਦਾ। ਜਿਸ ਦੀ ਗੁਲਾਮੀ ਕਰ ਰਿਹਾ ਹੈ ਸਾਰੀ ਉਮਰ ਉਸਦੇ ਕੋਲ ਹੀ ਉਸ ਨੂੰ ਰਹਿਣਾ ਪੈਂਦਾ ਹੈ। ਗੁਲਾਮੀ ਕਦੋਂ ਅਤੇ ਕਿਸ ਦੇਸ਼ ਤੋਂ ਸ਼ੁਰੂ ਹੋਈ ਠੀਕ ਠੀਕ ਨਹੀਂ ਕਿਹਾ ਜਾ ਸਕਦਾ। ਹਾਂ, ਦੁਨੀਆਂ ਦੇ ਪਹਿਲੇ ਵੱਡੇ ਲੋਕ ਤੰਤਰ ਅਮਰੀਕਾ ਵਿੱਚ ਗੋਰਿਆਂ ਅਤੇ ਕਾਲਿਆਂ ਵਿੱਚ ਫਰਕ ਸਮਝਿਆ ਜਾਂਦਾ ਹੈ। ਅਮਰੀਕਾ ਵਿੱਚ ਵੀ ਗੁਲਾਮੀ ਦੀ ਪ੍ਰਥਾ ਰਹੀ ਹੈ। ਅਰਬ ਦੇਸ਼ਾਂ ਵਿੱਚ ਤਾਂ ਗੁਲਾਮਾਂ ਨੂੰ ਪਸ਼ੂਆਂ ਅਤੇ ਪੰਛੀਆਂ ਦੀ ਤਰ੍ਹਾਂ ਵੇਚਿਆ ਅਤੇ ਖਰੀਦਿਆ ਜਾਂਦਾ ਰਿਹਾ ਹੈ। ਅਸਲ ਵਿੱਚ ਬਹੁਤ ਦੇਰ ਪਹਿਲੇ ਕੁਝ ਦੇਸ਼ਾਂ ਦੇ ਲੋਕਾਂ ਨੇ ਦੂਜੇ ਦੇਸ਼ਾਂ ਤੋਂ ਖੇਤੀਬਾੜੀ ਅਤੇ ਹੋਰ ਕੰਮ ਕਰਾਉਣ ਵਾਸਤੇ ਕੁਝ ਬੰਦੇ ਸਦਵਾਏ। ਉਹਨਾਂ ਤੋਂ ਕੰਮ ਕਰਾਇਆ ਅਤੇ ਫਿਰ ਉਹਨਾਂ ਨੂੰ ਆਪਣਾ ਗੁਲਾਮ ਬਣਾ ਲਿਆ ਅਤੇ ਕਦੇ ਵੀ ਉਹਨਾਂ ਨੂੰ ਮੁੜ ਕੇ ਆਪਣੇ ਦੇਸ਼ ਆਪਣੇ ਘਰ ਦੇ ਬੰਦਿਆਂ ਨੂੰ ਮਿਲਣ ਵਾਸਤੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਇੱਕ ਗੁਲਾਮ ਹਮੇਸ਼ਾ ਗੁਲਾਮ ਹੀ ਰਹਿੰਦਾ ਹੈ। ਇਤਿਹਾਸ ਵਿੱਚ ਗੁਲਾਮ ਵੰਸ਼ ਦੇ ਕੁਤਬੋਦੀਨ ਐਬਕ ਦੇ ਹਕੂਮਤ ਕਰਨ ਦੀ ਗੱਲ ਇਕ ਅਪਵਾਦ ਹੈ, ਵਰਨਾ ਗੁਲਾਮ ਤਾਂ ਹਮੇਸ਼ਾ ਗੁਲਾਮ ਹੀ ਰਹੇ ਹਨ। ਬਾਬਰ ਨੇ 1526 ਵਿੱਚ ਹਿੰਦੂਸਤਾਨ ਤੇ ਹਮਲਾ ਕੀਤਾ ਉਸ ਤੇ ਬਾਅਦ ਜਦੋਂ ਉਸਨੇ ਇੱਥੇ ਮੁਗਲ ਸਲਤਨਤ ਦੀ ਨੀਂਹ ਰੱਖ ਲਈ ਤਾਂ ਇੱਕ ਦੇ ਬਾਅਦ ਦੂਜਾ ਮੁਗਲ ਬਾਦਸ਼ਾਹ ਸਾਡੇ ਲੋਕਾਂ ਨੂੰ ਗੁਲਾਮ ਬਣਾ ਕੇ, ਜ਼ੁਲਮ ਕਰਕੇ ਹਕੂਮਤ ਕਰਦਾ ਰਿਹਾ, ਬਹੁਤ ਸਾਰੇ ਹਿੰਦੂ ਮੰਦਰਾਂ ਉੱਤੇ ਮਸੀਤਾਂ ਬਣਵਾ ਦਿੱਤੀਆਂ, ਬਹੁਤ ਸਾਰੇ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਦਿੱਤਾ। ਮੁਗਲ ਸਲਤਨਤ ਦੇ ਖਤਮ ਹੋਣ ਤੋਂ ਬਾਅਦ ਇਥੇ ਅੰਗਰੇਜ਼ ਆਏ ਅਤੇ ਉਹਨਾਂ ਨੇ ਵੀ ਸਾਡੇ ਲੋਕਾਂ ਨੂੰ ਗੁਲਾਮ ਬਣਾ ਕੇ ਰੱਖਿਆ। ਅਗਰ ਦੇਖਿਆ ਜਾਏ ਤਾਂ ਹਿੰਦੂਸਤਾਨ ਦੇ ਲੋਕਾਂ ਨੇ ਲਗਭਗ 400 ਸਾਲ ਦੀ ਗੁਲਾਮੀ ਭੁਗਤੀ ਹੈ। ਅੰਗਰੇਜ਼ ਲੋਕ ਸਾਡੇ ਦੇਸ਼ ਦੇ ਲੋਕਾਂ ਨੂੰ ਰਾਏ ਸਾਹਿਬ, ਰਾਏ ਬਹਾਦਰ ਅਤੇ ਸ਼ਿਰ ਦਾ ਖਿਤਾਬ ਦੇ ਕੇ ਉਹਨਾਂ ਨੂੰ ਗੁਲਾਮ ਬਣਾਉਂਦੇ ਸਨ ਅਤੇ ਦੇਸ਼ ਦੇ ਸੁਤੰਤਰਤਾ ਸੈਨਾਨੀਆਂ ਦੇ ਖਿਲਾਫ ਗਵਾਹੀ ਦਿਵਾ ਕੇ ਸਜ਼ਾ ਦਿਵਾਉਂਦੇ ਸਨ। ਸਾਡੇ ਦੇਸ਼ ਦੇ ਲੋਕਾਂ ਵਿੱਚ ਗੁਲਾਮ ਮਾਨਸਿਕਤਾ ਕੁੱਟ ਕੁੱਟ ਕੇ ਭਰੀ ਹੋਈ ਹੈ। ਬੇਸ਼ੱਕ ਸਾਡਾ ਦੇਸ਼ 1947 ਵਿੱਚ ਆਜ਼ਾਦ ਹੋ ਗਿਆ ਸੀ ਲੇਕਿਨ ਉਸ ਦੇ ਬਾਵਜੂਦ ਵੀ ਸਾਡੇ ਖਿਆਲ, ਪਹਿਨਾਵਾ ਅਤੇ ਬੋਲੀ ਅੱਜ ਵੀ ਅੰਗਰੇਜ਼ਾਂ ਦੇ ਸਮੇਂ ਭੁਗਤੀ ਹੋਈ ਗੁਲਾਮ ਮਾਨਸਿਕਤਾ ਵਾਲੀ ਹੈ। ਸਾਡੇ ਦੇਸ਼ ਵਿੱਚ ਨਵਾਂ ਸਾਲ ਪਹਿਲੀ ਜਨਵਰੀ ਤੋਂ ਸ਼ੁਰੂ ਹੁੰਦਾ ਹੈ, ਅਸੀਂ ਕ੍ਰਿਸਮਸ, ਗੁਡ ਫਰਾਈਡੇ ਆਦੀ ਅੰਗਰੇਜ਼ਾਂ ਦੀ ਨਕਲ ਕਰਕੇ ਕਰਦੇ ਹਾਂ ਜੋ ਕਿ ਸਾਡੀ ਗੁਲਾਮ ਮਾਨਸਿਕਤਾ ਦਾ ਸੁਨ-ੇਹਾ ਦਿੰਦੇ ਹਨ। ਬੇਸ਼ੱਕ ਅਸੀਂ ਦੂਜਿਆਂ ਸਾਹਮਣੇ ਝੁਕ ਕੇ ਸਲਾਮ ਕਰਦੇ ਹਾਂ, ਬਾਹਰੋਂ ਕੋਈ ਬੰਦਾ ਆਏ ਤਾਂ ਉੱਠ ਖੜੋਂਦੇ ਹਾਂ, ਹੱਥ ਜੋੜਦੇ ਹਾਂ, ਤਿਉਹਾਰਾਂ ਤੇ ਇੱਕ ਦੂਜੇ ਨੂੰ ਤੋਹਫੇ ਦਿੰਦੇ ਹਾਂ, ਇਹ ਸਾਰੀਆਂ ਗੱਲਾਂ ਅੰਗਰੇਜ਼ਾਂ ਦੇ ਜਮਾਨੇ ਦੀਆਂ ਗੁਲਾਮ ਮਾਨਸਿਕਤਾ ਵਾਲੀਆਂ ਹੀ ਹਨ ਲੇਕਿਨ ਸਾਡੇ ਲੋਕਾਂ ਨੇ ਇਹਨਾਂ ਗੱਲਾਂ ਨੂੰ ਚੰਗੇ ਸੰਸਕਾਰਾਂ ਦਾ ਇਕ ਚੋਲਾ ਪੁਆ ਲਿਆ ਹੈ।

ਕਿਸੇ ਜਮਾਨੇ ਸਾਡੇ ਦੇਸ਼ ਵਿੱਚ ਗੁਰੂਕੁਲ ਹੋਇਆ ਕਰਦੇ ਸੀ ਜਿੱਥੇ ਦੇਸ਼ ਦੀ ਸੰਸਕ੍ਰਿਤੀ, ਸਭਿਤਾ ਅਤੇ ਸੰਸਕਾਰ ਸਿਖਾਏ ਜਾਂਦੇ ਸਨ ਲੇਕਿਨ ਅੱਜ ਕੱਲ ਇਹਨਾਂ ਦੇ ਬਦਲੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਅੰਗਰੇਜ਼ੀ ਭਾਸ਼ਾ ਪ੍ਰਧਾਨ ਪਬਲਿਕ ਸਕੂਲ ਖੁਲਣ ਲੱਗੇ ਹਨ ਜਿਨਾਂ ਵਿੱਚ ਗਰੀਬ ਤੋਂ ਗਰੀਬ ਬੰਦਾ ਵੀ ਆਪਣਾ ਢਿੱਡ ਕੱਟ ਕੇ ਆਪਣੇ ਬੱਚੇ ਨੂੰ ਥੈਲਾ ਭਰ ਕੇ ਫੀਸ ਦੇ ਕੇ ਪੜਾਉਣ ਦੀ ਕੋਸ਼ਿਸ਼ ਕਰਦਾ ਹੈ। ਇਹਨਾਂ ਸਕੂਲਾਂ ਵਿੱਚ ਜੋ ਕੁਝ ਵੀ ਸਿਖਾਇਆ ਜਾਂਦਾ ਹੈ ਉਹਦੇ ਵਿੱਚ ਅੰਗਰੇਜ਼ੀ ਜਿਆਦਾ ਹੁੰਦੀ ਹੈ ਅਤੇ ਕੋਈ ਵੀ ਗੱਲ ਹਿੰਦੁਸਤਾਨੀ ਨਹੀਂ ਹੁੰਦੀ। ਪੜ੍ਹਾਈ ਦੇ ਖੇਤਰ ਤੋਂ ਇਲ-ਾਵਾ ਸਾਡੀ ਰਾਜਨੀਤੀ ਵਿੱਚ ਗੁਲਾਮ ਮਾਨਸਿਕਤਾ ਘਰ ਕਰ ਗਈ ਹੈ। ਛੋਟੇ ਛੋਟੇ ਰਾਜਨੇਤਾ ਆਪਣੇ ਤੋਂ ਵੱਡਿਆਂ ਦੀ ਚਾਪਲੂਸੀ ਅਤੇ ਗੁਲਾਮੀ ਕਰਦੇ ਹਨ ਤਾਂ ਕਿ ਉਹਨਾਂ ਨੂੰ ਚੋਣ ਦੇ ਸਮੇਂ ਟਿਕਟ ਮਿਲ ਜਾਏ। ਚੋਣ ਜਿੱਤਣ ਤੋਂ ਬਾਅਦ ਹਾਈ ਕਮਾਂਡ ਦੀ ਗੁਲਾਮੀ ਕਰਦੇ ਹਨ ਤਾਂ ਕਿ ਉਹਨਾਂ ਨੂੰ ਮਨਿ-ਸਟਰ ਬਣਾ ਦਿੱਤਾ ਜਾਏ ਅਤੇ ਇਸ ਦੇ ਬਾਅਦ ਵੀ ਉਹ ਗੁਲਾਮੀ ਕਰਦੇ ਹਨ ਤਾਂ ਕਿ ਉਹਨਾਂ ਨੂੰ ਮਲਾਈ ਮਾਰ ਮਹਿਕਮਾ ਮਿਲ ਜਾਏ, ਚਾਪਲੂਸੀ ਅਤੇ ਗੁਲਾਮੀ ਦਾ ਸਿਲਸਿਲਾ ਲਗਾਤਾਰ ਚਲਦਾ ਰਹਿੰਦਾ ਹੈ ਤਾਕਿ ਉਸ ਬੰਦੇ ਨੂੰ ਮਨਿਸਟਰੀ ਵਿੱਚੋਂ ਕੱਢ ਨਾ ਦਿੱਤਾ ਜਾਏ। ਅੱਜ ਦੀ ਰਾਜਨੀਤੀ ਵਿੱਚ ਜਿਹੜਾ ਬੰਦਾ ਕਿਸੇ ਰਾਜਨੀਤਿਕ ਦਲ ਨਾਲ ਜੁੜਿਆ ਹੁੰਦਾ ਹੈ ਉਸ ਨੂੰ ਹੀ ਸਰਕਾਰੀ ਨੌਕਰੀ ਮਿਲਦੀ ਹੈ, ਕਾਲਜ ਪ੍ਰੋਫੈਸਰ ਅਤੇ ਯੂਨੀਵਰਸਿਟੀ ਵਿੱਚ ਵਾਈਸ ਚਾਂਸਲਰ ਅਤੇ ਕਿਸੇ ਰਾਜ ਦਾ ਗਵਰਨਰ ਬਣਾਇਆ ਜਾਂਦਾ ਹੈ। ਅੱਜ ਦੇ ਜਮਾਨੇ ਵਿੱਚ ਲੋਕ ਆਪਣੇ ਅਣਖ ਨੂੰ ਮਿੱਟੀ ਵਿੱਚ ਮਿਲਾ ਕੇ ਗੁਲਾਮੀ ਕਰਦੇ ਹਨ ਤਾਂ ਜੋ ਤਰੱਕੀ ਕਰ ਸਕਣ ਅਤੇ ਮਨ ਮਾਫਿਕ ਸਟੇਸ਼ਨ ਤੇ ਲੰਮੇ ਸਮੇਂ ਤੱਕ ਟਿਕੇ ਰਹੇ ਸਕਣ।

ਗੁਲਾਮ ਮਾਨਸਿਕਤਾ ਸਾਡੀ ਅਫਸਰ ਸ਼ਾਹੀ ਵਿੱਚ ਦੇਖਣ ਨੂੰ ਬਹੁਤ ਜਿਆਦਾ ਮਿਲਦੀ ਹੈ। ਕਈ ਕਰਮਚਾਰੀਆਂ ਨੂੰ ਆਪਣੇ ਅਫਸਰਾਂ ਦੇ ਮੇਜ ਕੁਰਸੀ ਸਾਫ ਕਰਦੇ ਹੋਏ, ਅਫਸਰ ਲਈ ਚਾਹ ਬਣਾ ਕੇ ਲਿਆਉਣ ਦਾ ਕੰਮ ਕਰਦੇ ਹੋਏ ਦੇਖਿਆ ਜਾ ਸਕਦਾ ਹੈ, ਗੁਲਾਮ ਮਾਨਸਿਕਤਾ ਵਾਲੇ ਕੁਝ ਕਰਮਚਾਰੀ ਆਪਣੇ ਅਫਸਰਾਂ ਦੇ ਬੱਚਿਆਂ ਨੂੰ ਸਕੂਲੋਂ ਲਿਆਣ ਅਤੇ ਘਰ ਛੱਡਣ ਦਾ ਕੰਮ ਕਰਨ ਤੋਂ ਇਲਾਵਾ ਉਹਨਾਂ ਦਾ ਘਰ ਦਾ ਕੋਈ ਨਾ ਕੋਈ ਕੰਮ ਵੀ ਕਰਦੇ ਰਹਿੰਦੇ ਹਨ। ਕੁਝ ਕਰਮਚਾਰੀ ਆਪਣੇ ਸਹਿਯੋਗੀਆਂ ਦੇ ਖਿਲਾਫ ਅਫਸਰ ਨੂੰ ਚੁਗਲੀ ਚਕਾਰੀ ਵੀ ਕਰਦੇ ਰਹਿੰਦੇ ਹਨ ਤਾਂ ਜੋ ਬਾਅਦ ਵਿੱਚ ਉਹ ਆਪਣੇ ਅਫਸਰ ਤੋਂ ਨਜਾਇਜ਼ ਫਾਇਦਾ ਉਠਾ ਸਕਣ। ਇਹ ਰੱਬ ਹੀ ਜਾਣਦਾ ਹੈ ਕਿ ਅਜਿਹੀ ਗੁਲਾਮ ਮਾਨਸਿਕਤਾ ਕਦੋਂ ਖਤਮ ਹੋਏਗੀ। ਜਿਹੜਾ ਆਪਣੇ ਅਫਸਰ ਦੀ ਗੁਲਾਮੀ ਕਰਦਾ ਹੈ ਉਸਨੂੰ ਬਿਨਾਂ ਕੰਮ ਕੀਤੇ ਤਰੱਕੀ ਮਿਲ ਜਾਂਦੀ ਹੈ ਅਤੇ ਜਿਹੜਾ ਇਮਾਨਦਾਰੀ ਨਾਲ ਬਿਨਾਂ ਚਾਪਲੂਸੀ ਅਤੇ ਗੁਲਾਮੀ ਦੇ ਕੰਮ ਕਰਦਾ ਹੈ ਅਤੇ ਕੰਮ ਪੂਰਾ ਕਰਨ ਵਾਸਤੇ ਫਾਈਲਾਂ ਨੂੰ ਘਰ ਵਿੱਚ ਵੀ ਲੈ ਜਾਂਦਾ ਹੈ ਅਜਿਹੇ ਕਰਮਚਾਰੀ ਨੂੰ Explanaiton letter or warinng letter ਇਨਾਮ ਦੇ ਤੌਰ ਤੇ ਮਿਲਦੇ ਹਨ। ਅੱਜ ਕੱਲ ਤਾਂ ਕਿਸੇ ਵੀ ਪਾਸੇ ਜਦ ਤੱਕ ਬੰਦਾ ਇਹ ਨਹੀਂ ਕਹਿੰਦਾ,,, ਗੁਲਾਮ ਹਾਜ਼ਰ ਹੈ,,, ਉਸ ਦਾ ਕੋਈ ਕੰਮ ਨਹੀਂ ਬਣ ਸਕਦਾ। ਗੁਲਾਮ ਮਾਨਸਿਕਤਾ ਸਾਡੀ ਘਰ ਗ੍ਰਹਿਸਤੀ ਵਿੱਚ ਵੀ ਵੜ ਗਈ ਹੈ। ਪਤੀ ਪਤਨੀ ਦਾ ਗੁਲਾਮ ਹੈ, ਪਿਓ ਇਹ ਚਾਹੁੰਦਾ ਹੈ ਕਿ ਉਸਦੇ ਬੱਚੇ ਉਸ ਦੀ ਗੁਲਾਮੀ ਕਰਨ, ਮਾਲਿਕ ਇਹ ਚਾਹੁੰਦਾ ਹੈ ਕਿ ਨੌਕਰ ਉਸਦੀ ਗੁਲਾਮੀ ਕਰਨ। ਵੱਡੀਆਂ ਵੱਡੀਆਂ ਕੰਪਨੀਆਂ ਵਿੱਚ ਅਫਸਰ ਉਹਨਾਂ ਕਰਮਚਾਰੀਆਂ ਨੂੰ ਪਸੰਦ ਕਰਦੇ ਹਨ ਜਿਹੜੇ ਗੁਲਾਮੀ ਕਰਦੇ ਹਨ। ਬੇਸ਼ਕ ਸਾਡਾ ਦੇਸ਼ ਆਜ਼ਾਦ ਹੋ ਗਿਆ ਹੈ ਲੇਕਿਨ ਸਾਡੇ ਖਿਆਲ, ਵਿਹਾਰ ਅਤੇ ਬੋਲੀ ਆਜ਼ਾਦ ਬੰਦਿਆਂ ਵਾਲੀ ਸੁਤੰਤਰ ਨਹੀਂ ਹੈ। ਅੱਜ ਕੱਲ ਜੇ ਕਿਸੇ ਕੋਲ ਕੰਮ ਕਰਾਉਣਾ ਹੋਵੇ ਤਾਂ ਗੁਲਾਮਾਂ ਦੀ ਤਰਹਾਂ ਜੀ ਹਜ਼ੂਰੀ ਕਰਵਾ ਕੇ ਹੀ ਕੰਮ ਸਾਰਿਆ ਜਾ ਸਕਦਾ ਹੈ ਨਹੀਂ ਤਾਂ ਕੰਮ ਨਹੀਂ ਹੋਏਗਾ। ਕਿੰਨਾ ਮਰਜ਼ੀ ਕੰਮ ਕਰ ਲਓ, ਤਦ ਤੱਕ ਕੋਈ ਫਾਇਦਾ ਨਹੀਂ ਜਦ ਤੱਕ ਤੁਸੀਂ ਇਹ ਨਹੀਂ ਕਹਿੰਦੇ,,,, ਗੁਲਾਮ ਹਾਜ਼ਰ ਹੈ,,,।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 90 45**
**ਰੋਹਤਕ 12 40 01**
**ਹਰਿਆਣਾ**

# ਨਾਟਕ ਦਰਸ਼ਕ ਇਕ ਮਿਕ ਹੋਏ

ਸ਼ੋਅ ਸੀ ਦਿੜ੍ਹਬਾ ਵਿਖੇ...ਸੰਗਰੂਰ ਜ਼ਿਲੇ ਦਾ ਨਗਰ ਦਿੜ੍ਹਬਾ...ਨਾਟ ਸਥਲ ਨਗਰੋਂ ਬਾਹਰ ਸੀ...ਸਨ ਸਟਾਰ ਪੈਲੇਸ..ਨਿੱਕੀ ਸੜਕ ਰਾਹੀਂ ਪਹੁੰਚਿਆ ਜਾਂਦਾ...ਪਰ ਦਰਸ਼ਕ ਵਹੀਰਾਂ ਘਤ ਕੇ ਆਏ...ਨਾਟਕ ਏਹੀ ਤਾਂ ਚਾਹੁੰਦੈ...ਦਰਸ਼ਕਾਂ ਨਾਲ ਭਰਿਆ ਹਾਲ...ਸਕੂਲੀ ਬੱਚੇ ਵੀ...ਮਾਪੇ ਵੀ...ਅਧਿਆਪਕ ਵੀ...ਤੇ ਹੋਰ ਕਿਰਤੀ ਲੋਕ ਵੀ...ਬਲਦੇਵ ਸਿੰਘ ਸੜਕਨਾਮਾ ਵੀ ਤੇ ਗੁਰਮੀਤ ਕਮਿਆਲਵੀ ਵੀ...ਵੰਨ



ਸੁਵੰਨੇ ਦਰਸ਼ਕ ਤੇ ਪੇਸ਼ ਹੋਇਆ ਧਨੁ ਲੇਖਾਰੀ ਨਾਨਕਾ! ਨਾਟਕ ਤੋਂ ਪਹਿਲਾਂ ਘੁਸਰ ਮੁਸਰ ਸੀ..ਰੰਗਮੰਚ ਦੀ ਤਾਕਤ ਨਾਲ ਚੁੱਪ ਪਸਰੀ ਦੇਖ ਮਨ ਖਿੜ ਉੱਠਿਆ ਤੇ ਫੇਰ ਡੂਢ ਘੰਟੇ ਲਈ ਆਲਮ ਕੁਝ ਹੋਰ ਸੀ..ਗੁਰਸ਼ਰਨ ਸਿੰਘ ਸਾਨੂੰ ਵਾਰ ਵਾਰ ਕਹਿੰਦੇ ਹੁੰਦੇ ਸੀ," ਮੈਂ ਜੋ ਕਰ ਸਕਦਾ ਸੀ,ਕਰ ਦਿੱਤਾ ਹੈ...ਤੁਸੀਂ



ਬਹੁਤ ਕੰਮ ਕਰਨਾ ਹੈ...ਪਿੰਡਾਂ ਚ ਜਾਓ..ਲੋਗਾਂ (ਲੋਕਾਂ) ਕੋਲ ਜਾਓ!"...ਕੰਮ ਜਾਰੀ ਹੈ ਉਸਤਾਦ...ਨਾਟਕ ਪਿੰਡ ਪਿੰਡ ਜਾ ਰਿਹਾ ਹੈ..ਤੇਰੇ ਲੋਕਾਂ ਕੋਲ ਜਾ ਰਿਹਾ ਹੈ..ਤੇ ਕੱਲ੍ਹ ਜਿਵੇਂ ਦਿੜ੍ਹਬਾ ਵਿਖੇ ਪ੍ਰਵਾਨ ਚੜ੍ਹਿਆ ਹੈ,ਤੇਰੇ ਸ਼ਾਗਿਰਦ ਨੂੰ ਹੋਰ ਚਾਅ ਚੜ੍ਹ ਗਿਆ ਹੈ !

ਨਾਟਕ ਤੋਂ ਬਾਅਦ ਇਕ ਅਧਿਆਪਕ ਦੀ ਟਿੱਪਣੀ," ਮੇਰੇ ਖੱਬੇ ਬੈਠਾ ਇਕ ਜੁਆਕ ਆਪਣੀ ਦਾਦੀ ਨੂੰ ਕਹਿ ਰਿਹਾ ਸੀ..ਬੀਬੀ ਮੇਰਾ ਰੋਣਾ ਨਿਕਲ ਰਿਹੈ!..ਦਾਦੀ ਪਹਿਲਾਂ ਹੀ ਚੁੰਨੀ ਨਾਲ ਅੱਖਾਂ ਪੂੰਝ ਰਹੀ ਸੀ!"...ਨਾਟਕ ਨੇ ਇਹ ਪੜਾਅ ਵੀ ਸਰ ਕਰਨਾ ਹੀ ਸੀ ਕਿ ਫਲਾਣੇ ਦਰਸ਼ਕਾਂ ਲਈ ਫਲਾਣਾ ਨਾਟਕ,ਪਿੰਡਾਂ ਲਈ ਫਲਾਣਾ ਨਾਟਕ,ਸ਼ਹਿਰਾਂ ਲਈ ਫਲਾਣਾ ਨਾਟਕ,ਯੂਨੀਵਰਸਿਟੀ ਲਈ ਫਲਾਣਾ ਨਾਟਕ!..ਹੁਣ ਸਮਾਂ "ਫਲਾਣਾ ਨਾਟਕ" ਖੇਡਣ ਦਾ ਨਹੀਂ, ਨਾਟਕ ਖੇਡਣ ਦਾ ਹੈ...ਧਨੁ ਲੇਖਾਰੀ ਨਾਨਕਾ ਥੋੜ੍ਹੇ ਦਿਨ ਬਾਅਦ ਪਿੰਡ ਕਾਲਾ ਝਾੜ ਦੇ ਕਿਰਤੀਆਂ ਦੇ ਵਿਹੜੇ ਖੇਡਣਾ ਹੈ...ਕਾਰਵਾਂ ਜਾਰੀ ਹੈ !

ਪ੍ਰਸੰਨ ਤੇ ਉਤਸ਼ਾਹਿਤ

**ਸਾਹਿਬ ਸਿੰਘ**

# ਗੁਰੂ ਗੋਬਿੰਦ ਦਿਓ ਵਾਰਸੋ

ਕਿਤੇ ਭੁੱਲ ਨਾਂ ਜਾਇਓ।
ਪੋਹ ਮਹੀਨੇ ਦੀਆਂ ਸ਼ਹਾਦਤਾਂ ਨੂੰ,
ਸ਼ਰਧਾ ਨਾਲ ਸੀਸ ਝੁਕਾਇਓ।
ਆਪਣੇ ਨੰਨ੍ਹੇ ਮੁੰਨੇ ਬੱਚਿਆਂ ਨੂੰ,
ਵਿਰਸੇ ਆਪਣੇ ਤੋਂ ਜਾਣੂ ਕਰਾਇਓ।
ਦੱਸਿਓ ਕਿ
ਪਹਾੜੀ ਰਾਜਿਆਂ ਦੇ ਝੂਠੇ ਵਾਦਿਆਂ,
ਕਿਲਾ ਅਨੰਦ ਗੜ੍ਹ ਸੀ ਛੁਡਵਾਇਆ।
ਸਰਸਾ ਨਦੀ ਤੇ ਧੋਖੇ ਨਾਲ ਵਾਰ ਕਰ,
ਗੁਰ-ਪਰਿਵਾਰ 'ਚ ਵਿਛੋੜਾ ਸੀ ਪਾਇਆ।
ਮਾਂ ਗੁਜਰੀ ਤੇ ਛੋਟੇ ਪੋਤਿਆਂ ਨਾਲ ਸੀ,
ਲਾਲਚੀ ਗੰਗੂ ਰਸੋਈਏ ਦਗਾ ਕਮਾਇਆ।
ਦੱਸਿਓ ਕਿ
ਬਾਲ ਗੋਬਿੰਦ ਦੇ ਫ਼ਰਜੰਦ ਪਿਆਰੇ,
ਕਿਵੇਂ ਜਾਲਮਾਂ ਕੰਧ'ਚ ਸੀ ਚਿਣਵਾਤੇ।
ਸੱਤ -ਨੌਂ ਸਾਲ ਦੇ ਬਾਲਾਂ ਨੇ ਕਿਵੇਂ,
ਤੋਤਲੀ ਜ਼ੁਬਾਨ 'ਚ ਸੀ ਲਲਕਾਰੇ ਲਾਤੇ।
"ਨੀਹਾਂ ਚ ਚਿਣਾਦੇ ਭਾਵੇਂ, ਭਾਵੇਂ ਜਾਨੋਂ ਮਾਰਦੇ
ਪੁੱਤ ਹਾਂ ਗੋਬਿੰਦ ਦੇ ਕਦੇ ਸਿਦਕੋਂ ਨੀਂ ਹਾਰਦੇ।"
ਦੱਸਿਓ ਕਿ
ਨੀਹਾਂ ਚ ਚਿਣਵਾ ਮਾਸੂਮਾਂ ਨੂੰ,
ਨੀਂਹ ਮੁਗਲ ਸਾਮਰਾਜ ਦੀ ਸੀ ਹਿੱਲੀ।
ਬੰਦਾ ਸਿੰਘ ਬਹਾਦੁਰ ਨੇ ਫੇਰ ਸੀ ,
ਸਰਹੰਦ ਦੀ ਇੱਟ ਨਾਲ ਇੱਟ ਖੜਕਾਤੀ।
ਠੰਡਾ ਬੁਰਜ ਤੇ ਕੰਧ ਸਰਹੰਦ ਦੀ,
ਸ਼ਾਹਦੀ ਦਾਦੀ-ਪੋਤਿਆਂ ਦੇ ਈਮਾਨਾਂ ਦੀ ਭਰਦੇ ।
ਦੱਸਿਓ ਕਿ
ਅਜੀਤ ਸਿੰਘ ਤੇ ਜੁਝਾਰ ਸਿੰਘ ਬੀਰਾਂ ਨੇ,
ਕਿਵੇਂ ਦੁਸ਼ਮਣ ਫੌਜਾਂ ਨੂੰ ਭਾਜੜਾਂ ਸੀ ਪਾਈਆਂ।
ਮੁਗਲਾਂ ਦੇ ਲਾਹ ਆਹੂ ਸਾਹਿਬਜ਼ਾਦਿਆਂ ਨੇ,
ਚਮਕੌਰ ਦੀ ਜੰਗ 'ਚ ਸ਼ਹੀਦੀਆਂ ਪਾਈਆਂ।
ਦੇ ਸ਼ਹਾਦਤਾਂ ਲਾਸਾਨੀ ਵਿੱਚ ਜੰਗ ਦੇ,
"ਗੜ੍ਹੀ ਚਮਕੌਰ ਦੀ"ਦੁਨੀਆਂ'ਚ ਅਮਰ
ਕਰਵਾਤੀ।
ਦੱਸਿਓ ਕਿ
ਹਰ ਸਾਲ ਜਦੋਂ ਪੋਹ ਮਾਹ ਹੈ ਆਉਂਦਾ
ਧੁਰ ਅੰਦਰ ਤੱਕ ਰੂਹ ਸਾਡੀ ਕੰਬਾਉਂਦਾ।
ਸਿਦਕ ਈਮਾਨੋਂ ਨਹੀਂ ਹੁਣ ਡੋਲਣਾ ਤੁਸੀ,
"ਸਾਕਾ ਸਰਹੰਦ ਦਾ" ਅੱਜ ਵੀ ਯਾਦ
ਕਰਾਉਂਦਾ।
"ਗੜ੍ਹੀ ਚਮਕੌਰ ਦੀ "ਅੱਜ ਵੀ ਆਖੇ ਸਾਨੂੰ,
ਜਬਰ ਜ਼ੁਲਮ ਤੁਸੀ ਕਿਸੇ ਦਾ ਸਹਾਰਨਾ ਨਹੀਂ।
ਦੱਸਿਓ ਕਿ
ਬਾਜਾਂ ਵਾਲੇ ਦਸਮ ਪਿਤਾ ਨੇ ਜੋ ਪਾਏ ਪੂਰਨੇ,
ਉਸੇ ਰਾਹ ਤੇ ਚੱਲ ਬਣਨਾ ਸੱਚੇ ਵਾਰਿਸ ਆਪਾਂ।
ਨਿਰੀ ਵੇਸ਼ ਭੂਸ਼ਾ ਬਖਸ਼ੀ ਹੀ ਨੀਂ ਅਪਨਾਉਣੀ ,
ਵਿਚਾਰਧਾਰਾ ਗੁਰੂ ਦੀ ਦਿਲੋਂ ਅਪਨਾਉਣੀ
ਆਪਾਂ।
ਕਥਨੀ ਕਰਨੀ ਚ ਫ਼ਰਕ ਨਾਂ ਰਹੇ ਕੋਈ,
ਮਜ਼ਲੂਮਾਂ ਤੇ ਕਹਿਰ ਵੀ ਕਦੇ ਨੀਂ ਢਾਹੁਣੀ ਆਪਾਂ ।
ਦੱਸਿਓ ਕਿ
ਗੁਰੂ ਗੋਬਿੰਦ ਸਾਹਿਬ ਨੇ ਥਾਪ ਖਾਲਸਾ,
ਥਾਪਨਾ ਦਿੱਤੀ ਸੀ ਖੁਦ ਪੰਜ ਪਿਆਰਿਆਂ ਨੂੰ।
ਸ੍ਰੀ ਗੁਰੂ ਗ੍ਰੰਥ ਸਾਹਿਬ ਕਰੂ ਰਾਹਨੁਮਾਈ ਥੋਡੀ,
ਦੇਹਧਾਰੀ ਗੁਰੂ ਨਹੀਂ ਮੰਨਣਾ ਹੋਰ ਤੁਸੀ ਕੋਈ।
ਮਹਾਨ ਸਿੱਖੀ ਵਿਰਸੇ ਦੀ ਤੁਸੀ ਸਾਰ ਲੈਣੀ,
ਭੇਖ ਪਾਖੰਡ ਤਿਆਗ ਸਾਰੇ ਸੱਚੇ ਰੱਬ ਤੇ ਰੱਖਣੀ
ਓਟ ਤੁਸੀ।



**ਬੀਨਾ ਬਾਵਾ, ਲੁਧਿਆਣਾ।**




**ਕੁਰਬਾਨੀਆਂ** ਨੂੰ ਸਜਦਾ ਕਰਦਾ ਹਾਂ, ਗੁਰੂ ਸਰੂਪ ਲਈ ਤਹਿਦਿਲੋਂ ਸਤਿਕਾਰ ਹੈ, ਬਾਣੀ ਦੇ ਦੱਸੇ ਮਾਰਗ ਤੇ ਚੱਲਣ ਦੀ ਕੋਸ਼ਿਸ਼ ਕਰਦਾ ਹਾਂ। ਪਰ ਜੋ ਅੱਜਕੱਲ੍ਹ ਬਾਣੀ ਦੇ ਪ੍ਰਚਾਰ ਨੂੰ ਬਿਜਨਸ ਬਣਾਇਆ ਜਾ ਰਿਹਾ ਦੇਖ ਦੁੱਖ ਹੁੰਦਾ ਹੈ। ਗੁਰਬਾਣੀ ਇੱਕ ਮਾਰਗ ਹੈ, ਚੱਲਣਾ ਅਸੀਂ ਸੀ, ਪਰ ਸਾਡੇ ਆਗੂ ਮਾਰਗ ਤੇ ਹੀ ਬੋਲੀਆਂ ਲਾਈ ਜਾ ਰਹੇ ਜਨ, ਕਿੱਧਰ ਨੂੰ ਹੋ ਤੁਰੇ ਹਾਂ ਅਸੀਂ?
ਹੁਣ ਤਾਂ ਇਕੱਤੀ-ਇਕਵੰਜਾ ਹਜ਼ਾਰ ਤੋਂ ਘੱਟ ਗੱਲ ਨਹੀਂ ਕਰਦੇ ਨਵੇਂ ਸਲਾਰੀ!

ਕੋਈ ਰਾਸ਼ਟਰਪਿਤਾ ਹੋਣ ਦਾ ਹੱਕ ਰੱਖਦਾ ਹੈ ਤਾਂ ਓਹ ਸਿਰਫ਼ ਤੇ ਸਿਰਫ਼ ਸਾਹਿਬੇ ਕਮਾਲ 'ਸ੍ਰੀ ਗੁਰੂ ਗੋਬਿੰਦ ਸਿੰਘ' ਜੀ ਹੀ ਹਨ। ਇਤਿਹਾਕਾਰਾਂ ਅਨੁਸਾਰ ਅੱਜ ਦੇ ਦਿਨਾਂ 'ਚ ਚਮਕੌਰ ਗੜ੍ਹੀ ਦੀ ਮੰਮਟੀ ਤੇ ਖੜ੍ਹਕੇ ਸਾਹਿਬੇ ਕਮਾਲ ਆਪਣੇ ਵੱਡੇ ਪੁੱਤਰਾਂ ਨੂੰ ਸ਼ਹੀਦ ਹੁੰਦਾ ਦੇਖ ਰਹੇ ਸਨ। ਐਵੇਂ ਈ ਥੋੜ੍ਹਾ ਦੁਨੀਆਂ ਸੀਸ ਝੁਕਾਉਂਦੀ ਆ, ਰੌਂਗਟੇ ਖੜੇ ਹੋ ਜਾਂਦੇ ਨੇ ਸੋਚਕੇ ਹੀ... *ਧੰਨ ਐ ਤੇਰੀ ਸੋਚ ਸਾਹਿਬ...*

'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਦੱਸਦੀ ਹੈ ਕਿ ਬਿਨਾਂ ਆਪਣੇ ਅੰਦਰ ਤੱਕਿਆ, ਕਦੇ ਵੀ ਭਰਮ-ਭੁਲੇਖੇ ਨਹੀਂ ਨਿੱਕਲ ਸਕਦੇ, ਸਾਨੂੰ ਪਤਾ ਨਹੀਂ ਕਦੋਂ ਅਕਲ ਆਊ ਕਿ... 'ਪਿੰਡ ਵਾਲੇ

# ਸ਼ੁਭ ਸਵੇਰ ਦੋਸਤੋ,




ਗੁਰੂਘਰ ਵਿੱਚ ਪ੍ਰਕਾਸ਼ ਅਤੇ ਤੀਰਥ ਅਸਥਾਨ ਵਾਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਕੋਈ ਵੀ ਫਰਕ ਨਹੀਂ ਹੈ'! ਇਹ ਚਾਲਾਂ ਧਾਰਮਿਕ ਮਸੰਦਾਂ ਦੀਆਂ ਹਨ ਜੋ ਸਾਨੂੰ ਭਾਵਕ ਗੱਲਾਂ ਕਰ-ਕਰ ਕੇ ਅਤੇ ਝੂਠੀਆਂ ਕਹਾਣੀਆਂ ਦਾ ਪੱਲਾ ਫੜ੍ਹ ਕੇ ਉਸ ਅੰਧਵਿਸ਼ਵਾਸ਼ ਵੱਲ ਧੱਕ ਰਹੇ ਹਨ, ਜਿੱਥੋਂ ਬਾਬਾ ਨਾਨਕ ਜੀ ਨੇ ਤਰਕ ਦੇ ਅਧਾਰ ਤੇ ਸਾਨੂੰ ਬਾਹਰ ਕੱਢਿਆ ਸੀ। ਕੀ ਅਸੀਂ ਅੱਜ ਵੀ ਚਾਹੁੰਦੇ ਹਾਂ ਸਾਡੇ ਹੱਕ ਹਲਾਲ ਦੇ ਪੈਸਿਆਂ ਨਾਲ ਇਨ੍ਹਾਂ ਮਸੰਦਾਂ ਦੀਆਂ ਈਦਾਂ ਇਸੇ ਤਰ੍ਹਾਂ ਲੱਗਦੀਆਂ ਰਹਿਣ? ਮਿਥਿਹਾਸ ਦੇ ਪੁਜਾਰੀਆਂ ਨੇ ਕੁਰਬਾਨੀਆਂ ਵਾਲੇ ਇਤਿਹਾਸ ਨੂੰ ਐਨਾ ਮਹੀਨ ਰੇਤ ਬਣਾ ਦਿੱਤਾ ਹੈ ਕਿ ਇਹ ਬੰਦ ਮੁੱਠੀ 'ਚੋਂ ਵੀ ਕਿਰ ਰਿਹਾ ਹੈ, ਲਗਾਤਾਰ ਕਿਰ ਰਿਹਾ ਹੈ...

ਸ਼ਹਾਦਤਾਂ ਦੇ ਦਿਨਾਂ ਵਿੱਚ ਹੋ ਰਹੇ ਸਮਾਜਿਕ ਵਰਤਾਰੇ ਦੇਖ ਕੇ ਮਨ ਦੁੱਖੀ ਹੁੰਦਾ ਹੈ। ਅਸੀਂ ਦੁਨੀਆਦਾਰ ਛੋਟੀਆਂ-ਛੋਟੀਆਂ ਗੱਲਾਂ ਵਿੱਚ ਉਲਝ ਕੇ ਆਪਣੇ ਅਸਲ ਮਾਰਗ ਤੋਂ ਭਟਕ ਚੁੱਕੇ ਹਾਂ, ਜ਼ੁਲਮ ਰੋਕਣਾ ਤਾਂ ਕੀ ਅਸੀਂ ਸਹਿਣ ਦੇ ਆਦੀ ਹੋ ਗਏ ਹਾਂ, ਸੱਚ ਬੋਲਣਾ ਤਾਂ ਕੀ ਝੂਠ 'ਚ ਜਿਉਂ ਰਹੇ ਹਾਂ, ਦੁਨੀਆਂ ਮੰਨਦੀ ਹੈ, ਸੰਸਾਰ ਦੀ ਸਭ ਤੋਂ ਵੱਡੀ ਸ਼ਹਾਦਤ ਸਾਡੇ ਪਰਿਵਾਰ ਵਿੱਚ ਹੈ। ਪਰ ਨਾਲ ਆ ਕੁਰੀਤੀਆਂ, ਸਿਰੇ ਦੀਆਂ ਪਤਾ ਨਹੀਂ ਕਿੱਥੋਂ ਆ ਗਈਆਂ..?

**ਹਰਫੂਲ ਸਿੰਘ ਭੁੱਲਰ ਮੰਡੀ ਕਲਾਂ 9876870157**

# ਜੰਮੂ-ਕਸ਼ਮੀਰ ਦੇ ਪੁੰਛ 'ਚ ਫੌਜ ਦੀ ਗੱਡੀ ਖੱਡ 'ਚ ਡਿੱਗੀ, 5 ਜਵਾਨ ਸ਼ਹੀਦ, ਕਈ ਜ਼ਖ਼ਮੀ

**ਜੰਮੂ।** ਜੰਮੂ ਅਤੇ ਕਸ਼ਮੀਰ ਦੇ ਪੁੰਛ ਜ਼ਿਲ੍ਹੇ ਦੇ ਬਲਨੋਈ ਸੈਕਟਰ ਵਿੱਚ ਮੰਗਲਵਾਰ ਯਾਨੀਕਿ ਅੱਜ 24 ਦਸੰਬਰ ਨੂੰ ਇੱਕ ਵੱਡਾ ਸੜਕ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਫੌਜ ਦੀ ਇੱਕ ਗੱਡੀ 300 ਫੁੱਟ ਡੂੰਘੀ ਖਾਈ ਵਿੱਚ ਜਾ ਡਿੱਗੀ। ਵ੍ਹਾਈਟ ਨਾਈਟ ਕੋਰ ਦੁਆਰਾ ਐਕਸ 'ਤੇ ਤਾਇਨਾਤ ਜਾਣਕਾਰੀ ਦਿੰਦੇ ਹੋਏ ਕਿਹਾ ਗਿਆ ਹੈ ਕਿ ਪੁੰਛ ਸੈਕਟਰ ਵਿਚ ਅਪਰੇਸ਼ਨਲ ਡਿਊਟੀ ਦੌਰਾਨ ਫੌਜ ਦਾ ਇਕ ਵਾਹਨ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਹਾਦਸੇ ਵਿੱਚ ਪੰਜ ਜਵਾਨਾਂ ਦੀ ਮੌਤ ਹੋ ਗਈ ਹੈ। ਵ੍ਹਾਈਟ ਨਾਈਟ ਕੋਰ ਨੇ ਜਵਾਨਾਂ ਦੇ ਦੇਹਾਂਤ 'ਤੇ ਸੋਗ ਪ੍ਰਗਟ ਕੀਤਾ ਹੈ। ਮੌਕੇ 'ਤੇ ਬਚਾਅ ਕਾਰਜ ਜਾਰੀ ਹਨ ਅਤੇ ਜ਼ਖਮੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਹਾਦਸੇ ਬਾਰੇ ਪੁਲਿਸ ਅਧਿਕਾਰੀਆਂ ਨੇ ਦੱਸਿਆ, "ਮੰਗਲਵਾਰ ਸ਼ਾਮ ਕਰੀਬ 17:40 ਵਜੇ 11 ਮਰਾਠਾ ਲਾਈਟ ਇਨਫੈਂਟਰੀ ਦਾ ਇਕ ਫੌਜੀ ਵਾਹਨ, ਜੋ ਨੀਲਮ ਹੈੱਡਕੁਆਰਟਰ ਤੋਂ ਕੰਟਰੋਲ ਰੇਖਾ ਨੇੜੇ ਬਲਨੋਈ ਘੋੜਾ ਚੌਕੀ ਵੱਲ ਜਾ ਰਿਹਾ ਸੀ, ਘੋੜਾ ਪੋਸਟ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਿਆ।" ਉਨ੍ਹਾਂ ਦੱਸਿਆ ਕਿ ਗੱਡੀ ਕਰੀਬ 150 ਫੁੱਟ ਡੂੰਘੀ ਖਾਈ ਵਿੱਚ ਜਾ ਡਿੱਗੀ, ਜਿਸ ਕਾਰਨ ਡਰਾਈਵਰ ਸਮੇਤ 10 ਜਵਾਨ ਗੰਭੀਰ ਜ਼ਖ਼ਮੀ ਹੋ ਗਏ। 11 ਮਰਾਠਾ ਲਾਈਟ ਇਨਫੈਂਟਰੀ ਦੀ ਇੱਕ ਤੇਜ਼ ਪ੍ਰਤੀਕਿਰਿਆ ਟੀਮ (ਕਿਊਆਰਟੀ) ਅਤੇ ਮਾਨਕੋਟ ਤੋਂ ਇੱਕ ਪੁਲਿਸ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ।



# ਚੰਡੀਗੜ੍ਹ ਨਗਰ ਨਿਗਮ ਦੇ ਸਦਨ 'ਚ ਹੰਗਾਮਾ, ਮੈਂਬਰਾਂ ਵਿਚਾਲੇ ਹੋਈ ਖਿੱਚਧੂਹ

**ਚੰਡੀਗੜ੍ਹ।** ਚੰਡੀਗੜ੍ਹ ਨਗਰ ਨਿਗਮ (ਪੀ.ਐੱਮ.ਸੀ.) ਹਾਊਸ 'ਚ ਜਨਵਰੀ 'ਚ ਵੋਟਾਂ ਨਾਲ ਛੇੜਛਾੜ ਦੀ ਘਟਨਾ ਨੂੰ ਲੈ ਕੇ ਵਿਰੋਧੀ ਕੌਂਸਲਰਾਂ ਵਿਚਾਲੇ ਝੜਪ ਹੋ ਗਈ। ਹੰਗਾਮਾ ਉਦੋਂ ਸ਼ੁਰੂ ਹੋਇਆ ਜਦੋਂ ਆਮ ਆਦਮੀ ਪਾਰਟੀ (ਆਪ) ਦੇ ਇਕ ਕਾਰਪੋਰੇਟਰ ਨੇ ਅਨਿਲ ਮਸੀਹ ਨੂੰ ਨਿਸ਼ਾਨਾ ਬਣਾਉਂਦੇ ਹੋਏ ਇਕ ਪੋਸਟਰ ਵਿਖਾਇਆ। ਮਸੀਹ ਇਕ ਨਾਮਜ਼ਦ ਕੌਂਸਲਰ ਹਨ ਜਿਸ 'ਤੇ ਜਨਵਰੀ 'ਚ ਮੇਅਰ ਦੀ ਚੋਣ 'ਚ ਪ੍ਰੀਜ਼ਾਈਡਿੰਗ ਅਫਸਰ ਵਜੋਂ ਬੈਲਟ ਪੇਪਰਾਂ ਨਾਲ ਛੇੜਛਾੜ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਭਾਜਪਾ ਕੌਂਸਲਰਾਂ ਨੇ 'ਆਪ' ਮੈਂਬਰਾਂ 'ਤੇ ਹਮਲਾ ਕੀਤਾ। ਮਸੀਹ ਨੇ ਅਪਣੀ ਸੀਟ ਤੋਂ ਉੱਠ ਕੇ ਕਾਂਗਰਸ ਮੈਂਬਰਾਂ ਵਲ ਵੇਖਿਆ ਅਤੇ ਕਿਹਾ, ''ਰਾਹੁਲ ਗਾਂਧੀ, ਸੋਨੀਆ ਗਾਂਧੀ ਜ਼ਮਾਨਤ 'ਤੇ ਬਾਹਰ ਹਨ।'' ਹੰਗਾਮੇ ਦੌਰਾਨ ਕਾਂਗਰਸ ਅਤੇ 'ਆਪ' ਦੇ ਮੈਂਬਰ ਮਸੀਹ ਦੇ ਪੋਸਟਰ ਲੈ ਕੇ ਮੰਚ ਦੇ ਨੇੜੇ ਆ ਗਏ ਅਤੇ ਫਿਰ ਉਨ੍ਹਾਂ ਵਿਰੁਧ ਨਾਅਰੇਬਾਜ਼ੀ ਕੀਤੀ। ਹੰਗਾਮੇ ਦੌਰਾਨ ਕਾਂਗਰਸੀ ਮੈਂਬਰਾਂ ਅਤੇ ਭਾਜਪਾ ਕੌਂਸਲਰਾਂ ਵਿਚਾਲੇ ਝੜਪ ਹੋ ਗਈ, ਜਿਨ੍ਹਾਂ ਨੇ ਪੋਸਟਰ ਖੋਹਣ ਦੀ ਕੋਸ਼ਿਸ਼ ਕੀਤੀ। 'ਆਪ' ਦੇ ਮੇਅਰ ਕੁਲਦੀਪ ਕੁਮਾਰ ਨੇ ਮੀਟਿੰਗ



ਕੁੱਝ ਸਮੇਂ ਲਈ ਮੁਲਤਵੀ ਕਰ ਦਿਤੀ ਅਤੇ ਬਾਅਦ 'ਚ ਸਦਨ ਦੀ ਕਾਰਵਾਈ ਮੁੜ ਸ਼ੁਰੂ ਹੋ ਗਈ। ਇਸ ਤੋਂ ਪਹਿਲਾਂ ਜਦੋਂ ਕਾਰਵਾਈ ਸ਼ੁਰੂ ਹੋਈ ਤਾਂ ਕਾਂਗਰਸੀ ਕੌਂਸਲਰ ਗੁਰਪ੍ਰੀਤ ਸਿੰਘ ਗਾਬੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਬੀ.ਆਰ. ਅੰਬੇਡਕਰ ਬਾਰੇ ਕੀਤੀ ਗਈ ਟਿਪਣੀ ਦਾ ਮੁੱਦਾ ਸੰਸਦ 'ਚ ਉਠਾਇਆ। ਉਨ੍ਹਾਂ ਮੰਗ ਕੀਤੀ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਇਸ ਲਈ ਮੁਆਫੀ ਮੰਗਣੀ ਚਾਹੀਦੀ ਹੈ। ਹਾਲਾਂਕਿ, ਭਾਜਪਾ ਕੌਂਸਲਰਾਂ ਨੇ ਕਾਂਗਰਸ 'ਤੇ ਜਵਾਬੀ ਹਮਲਾ ਕਰਦਿਆਂ ਉਸ 'ਤੇ ਦਲਿਤ ਵਿਰੋਧੀ ਹੋਣ ਦਾ ਦੋਸ਼ ਲਾਇਆ। ਬਾਅਦ 'ਚ 'ਆਪ' ਅਤੇ ਕਾਂਗਰਸ ਨੇ ਸ਼ਾਹ ਦੀ ਟਿਪਣੀ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਉਹ ਇਸ ਮੁੱਦੇ 'ਤੇ ਮਤਾ ਪੇਸ਼ ਕਰ ਰਹੇ ਹਨ।

# ਫਿਰੋਜ਼ਪੁਰ 'ਚ 23 ਸਾਲਾ ਲੜਕੀ ਨੂੰ ਘਰੋਂ ਅਗਵਾਹ ਕਰ ਕੀਤਾ ਗੈਂਗਰੇਪ

**ਫਿਰੋਜ਼ਪੁਰ।** ਫਿਰੋਜ਼ਪੁਰ ਦੇ ਕਸਬਾ ਮਮਦੋਟ ਦੇ ਪਿੰਡ ਹਜ਼ਾਰਾ ਸਿੰਘ ਵਾਲਾ ਵਿਖੇ 23 ਸਾਲਾ ਲੜਕੀ ਨੂੰ ਘਰ 'ਚੋਂ ਅਗਵਾ ਕਰ ਕੇ ਗੈਂਗ ਰੇਪ ਦੀ ਘਟਨਾ ਨੂੰ 2 ਆਰੋਪੀਆਂ ਨੇ ਅੰਜਾਮ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਦੇ ਹੀ ਰਹਿਣ ਵਾਲੇ ਨੇ ਦੋਨੋਂ ਆਰੋਪੀ, ਗੈਂਗਰੇਪ ਤੋਂ ਬਾਅਦ ਪਿੰਡ ਦੇ ਬਾਹਰ ਲੜਕੀ ਨੂੰ ਸੁੱਟ ਕੇ ਫ਼ਰਾਰ ਹੋ ਗਏ। ਪੁਲਿਸ ਨੇ ਪੀੜਤ ਲੜਕੀ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਅਤੇ ਦੋਨੋਂ ਆਰੋਪੀਆਂ ਖਿਲਾਫ਼ ਅਗਵਾ ਕਰਨ ਅਤੇ ਗੈਂਗਰੇਪ ਦਾ ਮੁਕਦਮਾ ਦਰਜ ਆਰੋਪੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਛਾਪੇਮਾਰੀ ਕਰ ਰਹੀ ਹੈ।

ਪੀੜਤ ਪਰਿਵਾਰ ਦੇ ਮੁਤਾਬਕ ਉਹਨਾਂ ਦੀ ਲੜਕੀ ਨੂੰ ਪਿੰਡ ਦੇ ਹੀ ਦੋ ਨੌਜਵਾਨ ਘਰ ਦੀਆਂ ਕੰਧਾ ਟੱਪ ਕੇ ਘਰ ਅੰਦਰ ਦਾਖਲ ਹੋਏ ਅਤੇ ਪਿਸਤੌਲ ਦੇ ਦਮ 'ਤੇ ਲੜਕੀ ਨੂੰ ਅਗਵਾ ਕਰਕੇ ਲੈ ਗਏ ਅਤੇ ਸੁੰਨਸਾਨ ਜਗ੍ਹਾ 'ਤੇ ਲਿਜਾ ਕੇ ਵਾਰੋਂ ਵਾਰੀ ਉਸ ਨਾਲ ਗੈਂਗ ਰੇਪ ਕੀਤਾ। ਗੈਂਗ ਰੇਪ ਕਰਨ ਤੋਂ ਬਾਅਦ ਆਰੋਪੀਆਂ ਨੇ ਪੀੜਤ ਲੜਕੀ ਨੂੰ ਪਿੰਡ ਦੇ ਬਾਹਰ ਸੁੱਟ ਦਿੱਤਾ ਅਤੇ ਫ਼ਰਾਰ ਹੋ ਗਏ, ਇਸੇ ਤਰ੍ਹਾਂ ਪੀੜਤ ਲੜਕੀ ਆਪਣੇ ਪਰਿਵਾਰ



ਪਾਸ ਪਹੁੰਚੀ ਅਤੇ ਪਰਿਵਾਰ ਵੱਲੋਂ ਲੜਕੀ ਨੂੰ ਇਲਾਜ ਲਈ ਸਿਵਲ ਹਸਪਤਾਲ ਬੰਦੋੜ ਵਿਖੇ ਦਾਖ਼ਲ ਕਰਵਾਇਆ ਗਿਆ ਹੈ।

ਇਸ ਮੌਕੇ ਡੀਐਸਪੀ ਦਿਹਾਤੀ ਕਰਨ ਸ਼ਰਮਾ ਨੇ ਦੱਸਿਆ ਕਿ ਪੀੜਤ ਲੜਕੀ ਦੇ ਬਿਆਨਾਂ 'ਤੇ 2 ਆਰੋਪੀਆਂ ਦੇ ਖਿਲਾਫ਼ ਮੁਕਦਮਾ ਦਰਜ ਕੀਤਾ ਗਿਆ ਹੈ ਜੋ ਕਿ ਉਸ ਦੇ ਪਿੰਡ ਹਜ਼ਾਰਾਂ ਸਿੰਘ ਵਾਲਾ ਦੇ ਹੀ ਰਹਿਣ ਵਾਲੇ ਹਨ, ਆਰੋਪੀਆਂ ਖਿਲਾਫ਼ ਕਿਡਨੈਪਿੰਗ ਅਤੇ ਗੈਂਗਰੇਪ ਦਾ ਮੁਕਦਮਾ ਦਰਜ ਕੀਤਾ ਗਿਆ ਹੈ ਆਰੋਪੀ ਫ਼ਰਾਰ ਹਨ। ਪੁਲਿਸ ਵੱਲੋਂ ਜਲਦ ਹੀ ਆਰੋਪੀਆਂ ਨੂੰ ਫੜੇ ਜਾਣ ਦੀ ਗੱਲ ਕਹੀ ਜਾ ਰਹੀ ਹੈ ਅਤੇ ਮਾਮਲੇ ਦੀ ਡੂੰਘਾਈ ਤੱਕ ਜਾਂਚ ਕਰਨ ਦੀ ਗੱਲ ਕਹੀ ਹੈ।

# Samaj Weekly ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook

samajweekly

ਸਾਨੂੰ ਐਕਸ ਤੇ ਫੌਲੋ ਕਰੋ

X

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com